

ਹਰ ਚੰਦ ਸੂਬਕ ਦਸਤ ਹੂਏ ਬ

ਚੀ ਹੈ ਪਰ ਵਿਸ਼ਾਲਤਾ ਨਹੀਂ, ਉਹ
ਤੇ ਚੱਲ ਨਹੀਂ ਸਕਦਾ।

ਸ਼ੀਸ਼ੇ ਦੀ ਲੈਂਪ ਨੂੰ 'ਭਾਈ' ਕਹਿੰਦਾ ਹੈ
ਨੂੰ ਤਿਸਕਾਰ ਦੇਂਦਾ ਹੈ। ਚੰਦਰਮਾ
ਦਾ ਹੈ ਤਾਂ ਸ਼ੀਸ਼ੇ ਦਾ ਲੈਂਪ ਦੰਦੀਆਂ ਕੱਢ
'ਮੇਰੇ ਪਿਆਰੇ, ਪਿਆਰੇ ਵੀਰ'।

ਨੂੰ ਇਹ ਡਰ ਨਹੀਂ ਹੈ ਕਿ ਉਹ ਟਟਹਿਣਿਆਂ
ਕਦੇ ਮਾਲੂਮ ਹੋ ਰਹੇ ਹਨ।

ਤਰ੍ਹਾਂ ਸਮੁੰਦਰੀ ਕੁੱਕੜ ਸਾਗਰ ਦੀਆਂ ਲਹਿਰਾਂ ਨਾਲ
ਏ ਹਨ ਉਸੇ ਤਰ੍ਹਾਂ ਦਾ ਹੀ ਸਾਡਾ ਮਿਲਾਪ ਹੈ।
ਉੱਡ ਜਾਂਦੇ ਲਹਿਰਾਂ ਪਿਛੇ ਹਟ ਜਾਂਦੀਆਂ
।

ਅਸੀਂ ਇਸ ਨੂੰ ਦੇ ਕੇ
ਹਾਂ।

ਮੇਂ ਆ ਸਕਦੇ ਹਾਂ
ਰ ਵਡੇ ਹੁੰਦੀਏ।

ਤੇ ਜ਼ਖਮ ਰਾਚੀ
ਨੂੰ ਜ਼ਖਮੀ ਵੀ
ਹਾਂ ਇਸੇ ਲਈ

ਅੱਕ ਜਾਂਦਾ
ਦਾ।

ਂ ਭੱਲ

ਦਸਤੇ ਦਾ ਦਾਨ
ਦਿਤਾ।

ਜੋ ਪਿਆਰ ਦੀ ਤੀਬ੍ਰਤਾ ਨਾਲ

ਰਿਆਮ ਨਵੰਬਰ 1976

ਅੰਕ ਨੰ: 1

ਮੁਖ ਸੰਪਾਦਕ : ਜਗਦੀਸ਼ ਸਿੰਘ

... ਪ੍ਰਤੀ ਕਾਪੀ : 1 ਰੁਪਿਆ

... ਸਾਲਾਨਾ : 12 ਰੁਪਏ

... : 200 ਰੁਪਏ

Office Address :
WARIAM
(Punjabi Monthly)
Ladowali Road
Jullundur-144001

44 ਵੀਂ ਸੰਵਿਧਾਨਕ ਤਰਮੀਮ

ਪਾਰਲੀਮੈਂਟ ਨੇ 44ਵਾਂ ਸੰਵਿਧਾਨਕ ਤਰਮੀਮੀ ਬਿ... ਪਾਸ ਕਰ ਦਿਤਾ ਹੈ। ਇਸ ਤਰਮੀਮ ਰਾਹੀਂ ਜਿਥੇ ... ਪਾਸੇ ਭਾਰਤ ਦਾ ਨਿਸ਼ਾਨਾ ਸੋਸ਼ਲਿਜ਼ਮ ਦੀ ਪਰਾਪਤੀ ਮੰ... ਲਿਆ ਗਿਆ ਹੈ, ਉਥੇ ਦੂਜੇ ਪਾਸੇ ਸੰਵਿਧਾਨ ਵਿਚ ਦਰ... ਨਿਰਦੇਸ਼ਕ ਅਸੂਲਾਂ ਨੂੰ ਨਾਗਰਿਕਾਂ ਦੇ ਮੁਢਲੇ ਅਧਿਕਾਰਾਂ ਦੇ ਮੁਕਾਬਲੇ ਪ੍ਰਾਥਮਿਕਤਾ ਪਰਦਾਨ ਕਰ ਦਿਤੀ ਗਈ ਹੈ।

44ਵੇਂ ਸੰਵਿਧਾਨਕ ਤਰਮੀਮੀ ਬਿਲ ਵਿਚ ਦਰਜ ਇਹ ਗੱਲਾਂ ਬਹੁਤ ਅਹਿਮੀਅਤ ਰਖਦੀਆਂ ਹਨ। ਸੰਵਿਧਾਨ ਵਿਚ ਭਾਰਤ ਨੂੰ ਧਰਮ ਨਿਰਪੱਖ ਜਮਹੂਰੀ ਸੋਸ਼ਲਿਸਟ ਗਣਰਾਜ ਕਰਾਰ ਦੇਣ ਦਾ ਸਿੱਧਾ ਅਰਥ ਹੈ ਕਿ ਭਾਰਤ ਦੀ ਜਨਤਾ ਨੇ ਆਪਣਾ ਇਕ ਕੌਮੀ ਨਿਸ਼ਾਨਾ ਮਿਥ ਲਿਆ ਹੈ। ਇਸੇ ਤਰ੍ਹਾਂ ਨਿਰਦੇਸ਼ਕ ਅਸੂਲਾਂ ਨੂੰ ਪ੍ਰਾਥਮਿਕਤਾ ਪ੍ਰਦਾਨ ਕਰ ਕੇ, ਖਾਸ ਕਰਕੇ ਵੱਡੀ ਜਾਇਦਾਦ ਦੇ ਮਾਲਕਾਂ, ਉਤੇ ... ਮਾਰੀ ਗਈ ਹੈ, ਜਿਹੜੇ ਜਾਇਦਾਦ ਦੇ ਹੱਕ ਦੇ ... ਕੌਮੀ ਹਿਤਾਂ ਨਾਲ ਵੀ ਗੱਦਾਰੀ ਕਰ ਜਾਂਦੇ ਸਨ।

ਅਜ ਦੇ ਸਮੇਂ ਵਿਚ, ਜਦੋਂ ਦੁਨੀਆਂ ਦੀਆਂ ਵੱਡੀਆਂ ਜਮਹੂਰੀਅਤਾਂ ਵਿਚੋਂ ਇਕ ਭਾਰਤੀ ਜਮਹੂਰੀਅਤ ਦੀ ਹੋਂਦ ਖਤਰੇ ਵਿਚ ਹੋਵੇ ਤੇ ਉਹ ਖਤਰਾ ਨਾ ਸਿਰਫ ਬਾਹਰੀ ਤਾਕਤਾਂ ਵਲੋਂ ਹੀ ਹੋਵੇ, ਸਗੋਂ ਅੰਦਰੋਂ ਵੀ ਹੋਵੇ, ਤਾਂ ਅਜਿਹੀਆਂ ਤਰਮੀਮਾਂ ਸਵਾਗਤ ਯੋਗ ਹਨ। ਪਾਰਲੀਮੈਂਟ ਇਸ ਗੱਲ ਲਈ ਵੀ ਵਧਾਈ ਦੀ ਹੱਕਦਾਰ ਹੈ ਕਿ ਇਸ ਨੇ 'ਪ੍ਰਧਾਨਗੀ ਤਰਜ਼ ਦੀ ਸਰਕਾਰ' ਕਾਇਮ ਕਰਨ ਦੀ ਚਾਲ ਨੂੰ ਮਲੀਆ ਮੇਟ ਕਰ ਦਿਤਾ ਹੈ ਅਤੇ ਜਮਹੂਰੀਅਤ ਨੂੰ ਕਾਇਮ ਹੀ ਨਹੀਂ ਰਖਿਆ ਮਜ਼ਬੂਤ ਵੀ ਕੀਤਾ ਹੈ।

ਸਫਾ 24 ਤੇ ਬੇਦੀ ਦੀ ਕਹਾਣੀ ਦੇ ਸਿਰਲੇਖ ਵਿਚ ਪਾਰੋਂ ਦੀ ਬਜਾਏ ਘਰੋਂ ਛਪ ਗਿਆ ਹੈ ਪਾਠਕ ਸੋਧ ਲੈਣ।

ਮੁਖ ਚਿਤਰ :-ਪਰਕ ਸ਼
(ਵਰਿਆਮ ਦੇ ਦੂਜੇ ਵਰ੍ਹੇ 'ਚ ਪੈਰ ਧਰਨ ਉਤੇ)

ਸ਼ਿਅਰ —ਮਿਰਜ਼ਾ ਗ਼ਾਲਿਬ

(ਬੁੱਤ ਘੜਦੇ ਘੜਦੇ ਹਰ ਪਲ ਅਸੀਂ ਆਪਣੇ ਫਨ... 'ਚ ਹੋਰ ਮਾਹਰ ਹੁੰਦੇ ਗਏ। ਅਸੀਂ ਚਲੇ ਜਾ ਰਹੇ ਹਾਂ ... ਹਾਲੇ ਰਾਹ ਵਿਚ ਹੋਰ ਵੀ ਵੱਡੇ ਵੱਡੇ ਪੱਥਰ ਹਨ;

ਗੌਰ ਬਚਨ

ਜਿਸ ਤਰ੍ਹਾਂ, ਖਾਮੋਸ਼ ਬਿਰਛਾਂ ਵਿਚ ਸ਼ਾਮ ਸ਼ਾਂਤ ਹੋ ਜਾਂਦੀ ਹੈ। ਇਸੇ ਤਰ੍ਹਾਂ ਗ਼ਮ ਦਿਲ ਹੀ ਦਿਲ ਵਿਚ ਸ਼ਾਂਤ ਹੋ ਗਿਆ ਹੈ।

ਆਪਣੇ ਪਿਆਰੇ ਨੂੰ ਪਰਬਤ ਦੀ ਖਿਖੜੀ ਚੋਟੀ ਤੇ ਨਾ ਚੜ੍ਹਾਓ ਕਿਉਂਕਿ ਇਹ ਬਹੁਤ ਉਚੀ ਹੈ।

ਤੁਸੀਂ ਆਪਣੇ ਆਪੇ ਨੂੰ ਤੱਕ ਨਹੀਂ ਸਕਦੇ, ਜੋ ਕੁਝ ਤੁਸੀਂ ਦੇਖ ਰਹੇ ਹੋ ਇਹ ਤਾਂ ਤੁਹਾਡਾ ਪ੍ਰਛਾਵਾਂ ਹੈ।

ਜਿਵੇਂ ਅਖੀਆਂ ਲਈ ਪਲਕਾਂ ਦੀ ਲੋੜ ਹੈ, ਇਵੇਂ ਕੰਮ ਲਈ ਆਰਾਮ ਦੀ ਜ਼ਰੂਰਤ ਹੈ।

ਤੁਸੀਂ ਭੋਜਨ ਤੇ ਇਲਜ਼ਾਮ ਨਾ ਲਾਓ : ਕਿਉਂਕਿ ਤੁਹਾਨੂੰ ਭੁਖ ਨਹੀਂ ਹੈ।

ਪਾਣੀ ਵਿਚ ਮਛਲੀ ਖਾਮੋਸ਼ ਹੈ ਤੇ ਪਸ਼ੂ ਧਰਤੀ ਦੀ ਛਾਤੀ ਉਤੇ ਕਲੋਲਾਂ ਕਰ ਰਹੇ ਹਨ ਅਤੇ ਪੰਛੀ ਪੌਣ ਵਿਚ ਗੀਤ ਗਾ ਰਹੇ ਹਨ।

ਪਰ

ਮਨੁੱਖ ਦੇ ਮਨ ਵਿਚ ਸਮੁੰਦਰ ਦੀ ਖਾਮੋਸ਼ੀ, ਧਰਤੀ ਦਾ ਰੌਲਾ ਗੌਲਾ ਤੇ ਪੌਣ ਦਾ ਸੰਗੀਤ ਸਮਾਇਆ ਹੋਇਆ ਹੈ।

ਉਸ ਨੇ ਆਪਣੇ ਹਥਿਆਰਾਂ ਨੂੰ ਹੀ ਆਪਣੇ ਪੂਜਨੀਕ ਦੇਵਤੇ ਮੰਨ ਲਿਆ ਹੈ। ਜਦੋਂ ਉਸ ਦੇ ਹਥਿਆਰ ਜਿੱਤ ਜਾਂਦੇ ਹਨ ਉਹ ਆਪਣੇ ਆਪ ਹੀ ਹਾਰ ਜਾਂਦਾ ਹੈ।

ਈਸ਼ਵਰ ਸ੍ਰਿਸ਼ਟੀ ਰਚ ਕੇ ਪ੍ਰਗਟ ਹੁੰਦਾ ਹੈ।

ਜਿਸ ਦਿਲ ਵਿਚ ਤੇਜ਼ੀ ਹੈ ਪਰ ਵਿਸ਼ਾਲਤਾ ਨਹੀਂ, ਉਹ ਪੈਰ ਪੈਰ ਤੇ ਰੁਕਦਾ ਤੇ ਚੱਲ ਨਹੀਂ ਸਕਦਾ।

ਮਿਟੀ ਦਾ ਦੀਵਾ ਸ਼ੀਸ਼ੇ ਦੀ ਲੈਂਪ ਨੂੰ 'ਭਾਈ' ਕਹਿੰਦਾ ਹੈ ਪਰ ਉਹ ਉਸ ਨੂੰ ਤਿਸਕਾਰ ਦੇਂਦਾ ਹੈ। ਚੰਦਰਮਾ ਨਿਕਲ ਆਉਂਦਾ ਹੈ ਤਾਂ ਸ਼ੀਸ਼ੇ ਦਾ ਲੈਂਪ ਦੰਦੀਆਂ ਕੱਢ ਕੇ ਕਹਿੰਦਾ ਹੈ 'ਮੇਰੇ ਪਿਆਰੇ, ਪਿਆਰੇ ਵੀਰ'।

ਸਤਾਰਿਆਂ ਨੂੰ ਇਹ ਡਰ ਨਹੀਂ ਹੈ ਕਿ ਉਹ ਟਟਹਿਣਿਆਂ ਵਾਂਗ ਚਮਕਦੇ ਮਾਲੂਮ ਹੋ ਰਹੇ ਹਨ।

ਜਿਸ ਤਰ੍ਹਾਂ ਸਮੁੰਦਰੀ ਕੁੱਕੜ ਸਾਗਰ ਦੀਆਂ ਲਹਿਰਾਂ ਨਾਲ ਮਿਲਦੇ ਹਨ ਉਸੇ ਤਰ੍ਹਾਂ ਦਾ ਹੀ ਸਾਡਾ ਮਿਲਾਪ ਹੈ। ਕੁਕੜ ਉੱਡ ਜਾਂਦੇ ਹਨ ਲਹਿਰਾਂ ਪਿਛੇ ਹਟ ਜਾਂਦੀਆਂ ਹਨ ਤੇ ਅਸੀਂ ਵਿਛੜ ਜਾਂਦੇ ਹਾਂ।

ਜੋ ਜ਼ਿੰਦਗੀ ਸਾਨੂੰ ਦਿਤੀ ਗਈ ਹੈ, ਅਸੀਂ ਇਸ ਨੂੰ ਦੇ ਕੇ ਹੀ ਇਸ ਦੇ ਅਧਿਕਾਰੀ ਬਣ ਸਕਦੇ ਹਾਂ।

ਅਸੀਂ ਵਡਿਆਂ ਦੇ ਅਤੀ ਨੇੜੇ ਉਸ ਸਮੇਂ ਆ ਸਕਦੇ ਹਾਂ ਜਦੋਂ ਅਸੀਂ ਆਜਜ਼ੀ ਜਾਂ ਹਲੀਮੀ ਵਿਚ ਵਡੇ ਹੋਈਏ।

ਈਸ਼ਵਰ ਮਨੁਖ ਨੂੰ ਕਹਿੰਦਾ ਹੈ, "ਮੈਂ ਤੇਰੇ ਜ਼ਖਮ ਰਾਜ਼ੀ ਕਰਦਾ ਰਹਿੰਦਾ ਹਾਂ ਇਸੇ ਲਈ ਮੈਂ ਤੈਨੂੰ ਜ਼ਖਮੀ ਵੀ ਕਰਦਾ ਹਾਂ, ਕਿਉਂਕਿ ਮੈਂ ਤੈਨੂੰ ਪਿਆਰਦਾ ਹਾਂ ਇਸੇ ਲਈ ਤੈਨੂੰ ਸਜ਼ਾ ਵੀ ਦਿੰਦਾ ਹਾਂ।

ਈਸ਼ਵਰ ਬੜੀਆਂ ਬੜੀਆਂ ਪਾਤਸ਼ਾਹੀਆਂ ਤੋਂ ਅੱਕ ਜਾਂਦਾ ਹੈ ਪਰ ਨਿਕੇ ਨਿਕੇ ਫੁਲਾਂ ਤੋਂ ਕਦੀ ਨਹੀਂ ਘਬਰਾਂਦਾ।

ਅਧਰਮ ਹਾਰ ਨਹੀਂ ਝੱਲ ਸਕਦਾ, ਧਰਮ ਝੱਲ ਸਕਦਾ ਹੈ।

ਲਕੜਹਾਰੇ ਦੇ ਕੁਹਾੜੇ ਨੇ ਬ੍ਰਿਛ ਤੋਂ ਦਸਤੇ ਦਾ ਦਾਨ ਮੰਗਿਆ, ਬ੍ਰਿਛ ਨੇ ਇਹ ਦਾਨ ਦੇ ਦਿਤਾ।

ਪਵਿਤਰਤਾ ਉਹ ਦੌਲਤ ਹੈ ਜੋ ਪਿਆਰ ਦੀ ਤੀਬ੍ਰਤਾ ਨਾਲ ਹੀ ਪੈਦਾ ਹੁੰਦੀ ਹੈ।

ਗ਼ਜ਼ਲ

—ਫ਼ਕੀਰ ਚੰਦ ਤੁਲੀ

ਮੰਦਰ ਕਹਾਂ ਕਿ ਕਾਬਾ, ਉਸ ਦੇ ਦੁਆਰਿਆਂ ਨੂੰ,
ਜਿਸ ਮਨ-ਗਗਨ 'ਚ ਕੀਤਾ, ਰੌਸ਼ਨ ਸਤਾਰਿਆਂ ਨੂੰ।

ਟੀਸੀ ਤੋਂ ਬਰਫ ਹਿੱਲੀ, ਥਲ ਵਿਚ ਭੁਚਾਲ ਆਇਆ,
ਬੇੜੀ 'ਚ ਜਾਨ ਆਈ, ਛੋਹ ਕੇ ਸ਼ਰਾਰਿਆਂ ਨੂੰ।

ਤਸਵੀਰ ਪਰ ਨਾ ਬੋਲੀ, ਤਦਬੀਰ ਪਰ ਨਾ ਡੋਲੀ
ਪਹੁੰਚੀ ਕਿਨਾਰਿਆਂ 'ਤੇ, ਤਰ ਕੇ ਤਰ ਲਾਰਿਆਂ ਨੂੰ,

ਉਸਦੀ ਵਫ਼ਾ ਨੇ ਸਾਨੂੰ, ਜਦ ਇਕ ਨਜ਼ਰ ਬੁਲਾਇਆ,
ਠੁਕਰਾ ਤੁਰ ਪਿਆ ਮੈਂ, ਚੰਨਾਂ ਤੇ ਤਾਰਿਆਂ ਨੂੰ।

ਅੰਬਰ ਦੇ ਸੂਰਜਾਂ ਨੂੰ, ਜੇਬੀ 'ਚ ਪਾ ਲਿਆ ਮੈਂ,
ਜਿਸ ਦਿਨ ਤੋਂ ਪਾ ਲਿਆ ਹੈ, ਉਸਦੇ ਇਸ਼ਾਰਿਆਂ ਨੂੰ।

——

ਗ਼ਜ਼ਲ

—ਮਹਿੰਦਰ "ਸਾਥੀ"

ਮੂੰਹ ਤੇ ਮੁਲੰਮਾ ਕਿਉਂ ਹੋ ਗ਼ਾਜ਼ੇ ਦਾ ਚਾੜ੍ਹਦੇ।
ਆ ਕੇ ਪਸੀਨਾ ਖੇਡ ਨਾ ਸਾਰੀ ਵਿਗਾੜ ਦੇ।

ਉਮਰਾ ਬਿਤਾਈ ਜਿਸ ਦੀਆਂ ਜ਼ੁਲਫਾਂ ਸੰਵਾਰਦੇ,
ਹੱਕਦਾਰ ਹੋ ਸਕੇ ਨਾ ਉਸ ਦੇ ਸਿਆੜ ਦੇ।

ਡੰਗੇ ਜ਼ੁਲਮ ਦੇ ਲੋਕ ਜਾਂ ਬਣ ਤੁਰਨ ਕਾਫ਼ਲਾ,
ਨਾਗਾਂ ਦੇ ਸਿਰ ਵੀ ਘਾਹ ਤਰ੍ਹਾਂ ਜਾਂਦੇ ਲਿਤਾੜਦੇ।

ਕੁਝ ਚੋਰ ਨਾਲ ਸਾਂਝ ਉਨ੍ਹਾਂ ਦੀ ਜ਼ਰੂਰ ਹੈ,
ਛੱਡ ਦੇਣ ਚੋਰ ਨੂੰ ਜੋ ਫੜ ਵਿਚੋਂ ਪਾੜ ਦੇ।

ਪੰਡਤਾ! ਉਨ੍ਹਾਂ ਨੂੰ ਭੈ ਕੇਹਾ ਖ਼ਿਆਲੀ ਨਰਕ ਦਾ,
ਦਿੰਦੇ ਗੁਜ਼ਾਰ ਦਿਨ ਨੰਗੇ ਪੈਰੀਂ ਜੋ ਹਾੜ੍ਹ ਦੇ।

ਉਸ ਦੇ ਹੀ ਨਾਲ ਇਸ਼ਕ ਹੈ ਸਾਡਾ ਵੀ ਦੋਸਤੋ,
ਆਸ਼ਕ ਜਿਦੇ ਨੂੰ ਤਖ਼ਤ ਨੇ ਤਖ਼ਤੇ ਤੇ ਚਾੜ੍ਹਦੇ।

ਮੁੜ ਮੁੜ ਕੇ ਦਰ ਤੇਰੇ ਵੀ ਹੈ ਆਉਣ ਦੀ ਵਜ੍ਹਾ,
ਤੈਂ ਜਿਹਾ ਪਤਾਲ ਵਿਚ ਨਾ ਮਿਲਿਆ ਪੁਲਾੜ ਦੇ।

"ਫ਼ਰਹਾਦ" ਲੜ ਰਹੇ ਨੇ ਆਪਸ 'ਚ ਵੇਖ ਰੰ,
ਕਹਿਕੇ ਬੁਲੰਦ ਹੋ ਰਹੇ "ਕਾਲੇ ਪਹਾੜ" ਦੇ।

ਅੱਗ ਰੌਸ਼ਨੀ ਦੇ ਸਕਦੀ ਬੰਧਨ 'ਚ ਰਹਿਕੇ ਹੀ,
ਬਣਦੀ ਹੈ ਨੇਰ੍ਹ ਜਦ ਵੀ ਬੰਧਨ ਨੂੰ ਸੜਦੇ।

ਜ਼ਿੰਦਾ ਗ਼ਜ਼ਲ ਦੇ ਸ਼ਿਅਰ ਤਾਂ ਉਹਨਾਂ ਦੇ ਰਹਿਣਗੇ,
ਮਿਹਨਤ ਕੜਾਹੀ ਪਾ ਕੇ ਜੋ ਜਜ਼ਬਾਤ ਕਾੜ੍ਹਦੇ।

ਸੰਦਲ ਦੀ ਮਹਿਕ ਆਵੇ ਸਾਹ 'ਚੋਂ ਕਿਸ ਤਰ੍ਹਾਂ?
"ਸਾਥੀ" ਅਸੀਂ ਤਾਂ ਰੁੱਖ ਹਾਂ ਗੁਰਬਤ ਉਜਾੜ ਦੇ।

ਗ਼ਜ਼ਲ

ਹਰਭਜਨ ਸਿੰਘ ਕੋਮਲ

ਝੜ ਜਾਵਨ ਦਾ ਡਰ ਤਾਂ ਉਸ ਨੂੰ ਹੋ ਸਕਦੈ,
ਜਿਸ ਦੇ ਤਨ ਤੇ ਪੱਤਿਆਂ ਦਾ ਸਰਮਾਇਆ ਹੈ।
ਜਿਸ ਮੌਸਮ ਵਿਚ ਝੜਦੇ ਪੱਤ ਦਰਖਤਾਂ ਦੇ,
ਮੈਂ ਤਾਂ ਉਸ ਮੌਸਮ ਨੂੰ ਹੇਠ ਵਿਛਾਇਆ ਹੈ।

ਆਏ ਸਾਂ, ਕਿ ਇਸ ਬੌਨੀ ਜਹੀ ਦੁਨੀਆਂ ਵਿਚ,
ਉੱਚੇ ਲੰਮੇ ਰੁੱਖ ਸੁਫੈਦਾ ਲੱਗਾਂਗੇ,
ਪਰ ਹੁਣ ਪੱਦ-ਬਹੇੜੇ ਵਾਂਗਰ ਦਿੱਸਦੇ ਹਾਂ,
ਏਦਾਂ ਦੁਨੀਆਂ ਸਿਰ ਤੇ ਭਾਰ ਚੁਕਾਇਆ ਹੈ।

ਯਾਰੋ ਹਰ ਇਕ ਛਾਂ ਹੀ ਠੰਢੀ ਨਹੀਂ ਹੁੰਦੀ,
ਨਾ ਈ ਹਰ ਇਕ ਛਾਂ ਦਾ ਕਾਲਾ ਰੰਗ ਹੁੰਦੈ,
ਜਿਸ ਨੂੰ ਸੜਦੀ-ਧੁੱਪ ਪੁਕਾਰੀ ਜਾਂਦੇ ਹੋ,
ਇਹ ਸੂਰਜ ਦੇ ਸੰਘਣੇ ਰੁੱਖ ਦੀ ਛਾਇਆ ਹੈ।

ਇਹ ਮੈਂ ਕੈਸੇ ਬਾਗ਼ ਦਾ ਮਾਲੀ ਬਣ ਬੈਠਾਂ,
ਜਿਸ ਦਾ ਹਰ ਇਕ ਬੂਟਾ ਹੋਂਦ-ਵਿਹੂਣਾ ਹੈ,
ਦਿਲ ਕਰਦਾ ਹੈ ਇਸ ਤੇ ਬਿਜਲੀ ਆਣ ਪਵੇ,
ਉਂਜ ਮੈਂ ਹਰ ਇਕ ਸੁਪਣਾ ਆਪ ਉਗਾਇਆ ਹੈ।

ਕੋਮਲ ਕਿਹੜੀ ਦੁਨੀਆਂ ਅੰਦਰ ਵੱਸਦਾ ਹੈਂ,
ਏਥੇ ਕੌਣ ਚਰਿੱਤਰ ਦੀ ਗੱਲ ਕਰਦਾ ਹੈ,
ਇਸ ਮੰਡੀ ਵਿਚ ਹਰ ਇਕ ਵਸਤ ਵਿਕਾਊ ਹੈ,
ਏਥੇ ਤਾਂ ਬਸ ਜੋ ਕੁਝ ਵੀ ਹੈ, ਮਾਇਆ ਹੈ।

——

ਗ਼ਜ਼ਲ

—ਅਮਰੀਕ ਸਿੰਘ

ਸੰਗ-ਦਿਲਾਂ ਦੇ ਨਾਲ ਟਕਰਾਂਦਾ ਰਿਹਾਂ ਸਾਰੀ ਉਮਰ
ਹਰ ਕਦਮ ਤੇ ਠੋਕਰਾਂ ਖਾਂਦਾ ਰਿਹਾਂ ਸਾਰੀ ਉਮਰ

ਸਭ ਮੇਰੇ ਜਜ਼ਬਾਤ ਬੇ ਦਰਦਾਂ ਹੱਥੋਂ ਕੁਚਲੇ ਗਏ
ਮੈਂ ਖੜਾ ਬੇਵੱਸ ਹੀ ਕੁਰਲਾਂਦਾ ਰਿਹਾਂ ਸਾਰੀ ਉਮਰ

ਕੋਈ ਜੇ ਵੇਖੇ ਤਾਂ ਮੇਰੇ ਜਿਗਰ ਦੇ ਫੱਟ ਬਹੁਤ ਨੇ
ਮੈਂ ਇਨ੍ਹਾਂ ਜ਼ਖਮਾਂ ਨੂੰ ਸਹਿਲਾਂਦਾ ਰਿਹਾਂ ਸਾਰੀ ਉਮਰ

ਕਦਰ ਕੁਰਬਾਨੀ ਦੀ ਕਰਦਾ ਕੌਣ ਹੈ ? ਕੋਈ ਨਹੀਂ,
ਖ਼ਾਹ-ਮਖ਼ਾਹ ਦਿਲ ਚੀਰ ਦਿਖਾਂਦਾ ਰਿਹਾ ਸਾਰੀ ਉਮਰ

ਦਿਨ ਬਦਿਨ ਉਲਝੀ ਤਾਣੀ ਮੇਰੇ ਜੀਵਨ ਦੀ ਡੋਰ
ਇਸ ਨੂੰ ਹੀ ਭਾਵੇਂ ਮੈਂ ਸੁਲਝਾਂਦਾ ਰਿਹਾਂ ਸਾਰੀ ਉਮਰ

ਸੋਚਣਾ ਇਤਬਾਰ ਕਿਉਂ ਮੇਰੀ ਵਫ਼ਾ ਨਹੀਂ ਦੇ ਸਕੀ,
ਏਸ ਗੱਲ ਦੀ ਹੀ ਸਜ਼ਾ ਪਾਦਾ ਰਿਹਾਂ ਸਾਰੀ ਉਮਰ

ਜ਼ੋਰ ਲਾਇਆ ਦੋਸਤਾਂ ਕਿਸਮਤ ਮੇਰੀ ਬਦਲਣ ਲਈ
ਦਰ ਮੁਸੀਬਤ ਦਾ ਹੀ ਖੜਕਾਂਦਾ ਰਿਹਾਂ ਸਾਰੀ ਉਮਰ

ਮੈਂ ਜ਼ਮਾਨੇ ਦੀ ਰਮਜ਼ ਸਮਝੀ ਨਹੀਂ ਅਫਸੋਸ ਹੈ
ਹਰ ਗੁਨਾਹੋਂ ਐਵੇਂ ਕਤਰਾਂਦਾ ਰਿਹਾਂ ਸਾਰੀ ਉਮਰ

ਲੁੱਟ ਲਵੋ ਆਪਣੇ ਬਣਾ ਅਜ ਦਾ ਇਹੀ ਦਸਤੂਰ ਹੈ
ਐਸੀ ਹਰਕਤ ਤੋਂ ਮੈਂ ਸ਼ਰਮਾਂਦਾ ਰਿਹਾਂ ਸਾਰੀ ਉਮਰ

ਜ਼ਿੰਦਗੀ ਦੇ ਹਰ ਪੜਾਂ ਤੇ ਹਾਰਿਆਂ ਖੁਦ ਸ਼ੱਕ ਨਹੀਂ
ਸਾਥੀਆਂ ਨੂੰ ਜਿੱਤ ਦੀ ਦਿਲਵਾਂਦਾ ਰਿਹਾਂ ਸਾਰੀ ਉਮਰ

ਗ਼ਜ਼ਲ

ਡਾ. ਨਰੇਸ਼

ਹਿਜਰ ਦੀ ਭੱਠੀ 'ਚ ਜੀਵਨ ਨੂੰ ਤਪਾ।
ਹੋ ਸਕੇ ਤਾਂ ਏਸ ਅਗਨੀ ਨੂੰ ਹੰਢਾ।

ਭੁੱਲ ਗਿਆ ਹਾਂ ਤੂੰ ਇਹ ਕਿੱਦਾਂ ਸੋਚਿਆ,
ਅਪਣਿਆਂ ਨੂੰ ਭੁੱਲਦੈ ਕੋਈ ਮੂਰਖਾ !

ਮੈਂ ਪੁਰਾਣੀ ਲੀਕ ਤੋਂ ਬੇਜ਼ਾਰ ਸੀ,
ਇਸ ਲਈ ਘੜਿਆ ਨਵਾਂ ਇਕ ਦੇਵਤਾ।

ਚੁਕਿਐ ਤੇਸ਼ਾ ਤਾਂ ਮੈਨੂੰ ਸ਼ਕਲ ਦੇ,
ਨਹੀਂ ਤਾਂ ਮੇਰੇ ਵਾਂਗ ਪੱਥਰ ਬਣ ਵਿਖਾ।

ਤੈਨੂੰ ਕਿਉਂ ਲੱਗਾ ਕਿ ਤੈਨੂੰ ਜਾਣਦੈ,
ਉਹ ਤਾਂ ਐਵੇਂ ਟੁਰਦਾ ਟੁਰਦਾ ਰੁਕ ਗਿਆ।

ਕਲ੍ਹ ਜੇ ਰੋਣਾ ਹੈ ਰੋਵਾਂਗੇ ਜ਼ਰੂਰ,
ਕਲ ਦੇ ਗ਼ਮ ਵਿਚ ਅੱਜ ਨੂੰ ਤਾਂ ਨਾ ਗੁਆ।

ਹੁਣ ਚਮਨ ਵਿਚ ਆਪਣਾ ਕੀ ਹੈ 'ਨਰੇਸ਼'
ਆਲ੍ਹਣਾ ਸੀ ਨ੍ਹੇਰੀਆਂ ਵਿਚ ਉਡ ਗਿਆ।

ਪੰਜਾਬ ਯੂਨੀਵਰਸਿਟੀ
ਈਵਨਿੰਗ ਕਾਲਜ
ਚੰਡੀਗੜ

ਪੱਤਰ-ਪਹੁੰਚ

—ਗੁਰਭਜਨ ਸਿੰਘ

ਐ ਸਜਨੀ ! ਤੇਰੀ ਪਾਤੀ ਆਈ।
ਮੇਰੇ ਬੰਦ ਬੂਹੇ ਦੀ ਝੀਤੋਂ
ਚੰਨੇ ਦੀ ਅਜ ਝਾਤੀ ਆਈ।

ਦਿਲ ਦੇ ਆਂਗਣ ਨੂੰ ਗ਼ਮਾਂ ਦਾ
ਕੱਟਣ ਲਈ ਲੋਅ-ਕਾਤੀ ਆਈ।

ਸ਼ਾਂਤ ਵਲਵਲੇ ਮੱਚਣ ਲਗੇ,
ਕੋਸੀ ਪ੍ਰੇਮ-ਚੁਆਤੀ ਆਈ।

ਚੋਇਆ ਨੀ ਅਸਾਂ ਤੇਲ ਹੰਝਾਂ ਦਾ,
ਫੇਰ ਅੱਖਾਂ ਨੇ ਛਾਤੀ ਲਾਈ।

ਵਾਹ ਵਜ੍ਹਿਆ ਅਸਮਾਨ ਮੇਘਲਾ
ਹਰ ਇਕ ਬੂੰਦ ਸਵਾਤੀ ਆਈ।

ਜਿੰਦ ਧਰਤੀ ਤੇ ਆਸਾਂ ਉੱਗੀਆਂ
ਲਗੇ ਨਾ ਕਿਧਰੋਂ ਤਾਤੀ ਵਾਈ।

ਯਾਦ ਤੇਰੀ ਅਜ ਤੇਰੀ ਥਾਵੇਂ
ਖ਼ਾਬਾਂ ਦੇ ਵਿਚ ਨ੍ਹਾਤੀ ਆਈ।

ਵਾਹ ਸਜਨੀ ! ਤੇਰੀ ਪਾਤੀ ਆਈ।

ਜਗਜੀਤ ਵਿਲਾ ਬਰਨਾਲਾ ਰੋਡ
ਹਿਸਾਰ

ਹੋਰ ਨਹੀਂ ਜਰਨਾ

ਫ਼ਖਰ ਜ਼ਮਾਨ

ਬੜਾ ਜਰਿਆ ਪਰ ਹੁਣ ਨਹੀਂ ਹੋਰ ਜਰਨਾ
ਦੁੱਖਾ ਪੀੜਾਂ ਜ਼ਿਆਦਤੀਆਂ ਸਹਿਣ ਦਾਂ ਕੋਈ ਤੇ
ਬੰਨਾ ਹੁੰਦਾ ਏ।
ਤੁਸਾਂ ਅਸਾਨੂੰ ਖੁੰਡੀਆਂ ਛੁਰੀਆਂ ਨਾਲ
ਭਰ ਚਸਕੇ ਲੈ ਕੇ ਕੋਹਿਆ
ਤੁਸਾਂ ਅਸਾਡੀਆਂ ਜੇਬਾਂ ਕੱਟੀਆਂ
ਅੱਖਾਂ ਅੰਨ੍ਹੀਆਂ ਕੀਤੀਆਂ
ਕੰਨਾਂ ਵਿਚ ਪਿਘਲਿਆ ਹੋਇਆ ਸ਼ੀਸ਼ਾ ਪਾਇਆ
ਲੱਤਾਂ ਬਾਹਾਂ ਭੰਨ ਕੇ ਅੰਨ੍ਹੇ ਖੂਹ ਵਿਚ ਸੁਟਿਆ
ਤੁਸਾਂ ਅਸਾਡੇ ਨਾਲ ਕੀ ਕੀ ਨਾ ਕੀਤਾ
ਪਰ ਅਸੀਂ ਚੁੱਪ ਰਹੇ
ਗੱਲਾਂ ਸਾਡੀਆਂ ਹੋਠਾਂ ਉਪਰ ਆ ਆ ਕੇ
ਪੱਬਾਂ ਭਾਰ ਵਾਪਿਸ ਮੁੜ ਜਾਂਦੀਆਂ ਰਹੀਆਂ।
ਤੁਸਾਂ ਸਮਝਿਆ ਬੁਜ਼ਦਿਲ
ਲਿੱਸੀ ਸਾਮੀ ਜਾਣ ਕੇ ਸਾਡੀ ਕੰਡ ਤੇ ਕਾਠੀ ਪੀੜੀ
ਅਸੀਂ ਤਦ ਵੀ ਕੁਝ ਨਾ ਬੋਲੇ
ਤੁਸਾਂ ਸਮਝਿਆ ਇਹ ਰੇਤ ਦੇ ਬੁੱਤ ਨੇ
ਮੁਕਦੀ ਗਲ ਏ ਤੁਸਾਂ ਸਾਨੂੰ ਮੁਕਾਣ ਲਈ
ਜੋ ਕੁਝ ਕਰ ਸਕਦੇ ਸਉ ਕੀਤਾ
ਪਰ ਹੁਣ ਅਸਾਂ ਹੋਰ ਨਹੀਂ ਜਰਨਾ
ਹੁਣ ਤੁਹਾਡੀਆਂ ਵਧੀਕੀਆਂ ਹੋਰ ਨਹੀਂ ਜਰਨੀਆਂ
ਹੁਣ ਇੱਟ ਦਾ ਉੱਤਰ ਵੱਟੇ ਨਾਲ ਦਿਆਂਗੇ
ਤਿਆਰ ਓ ਨਾਂ ? ਆਈ ਜੇ ਮੋੜ ਪਹਿਲੀ

ਲਾਹੌਰ
(ਲਿਪੀਅੰਤਰ . ਅਜਮੇਰ ਸਿੰਘ)
ਪੰਜਾਬੀ ਯੂਨੀਵਰਸਿਟੀ ਪਟਿਆਲਾ

ਕਹਾਣੀ

ਸੰਗੀਤ

—ਗੁਰਬਚਨ ਸਿੰਘ ਵਸ਼ਿਸ਼ਟ

"ਸੰਗੀਤ ਜੀਵਨ ਹੈ," ਗੁਰਬਚਨ ਸਿੰਘ ਵਸ਼ਿਸ਼ਟ ਦੀ ਕਹਾਣੀ ਨਾ ਸਿਰਫ ਉਪਰਲੀ ਗੱਲ ਨੂੰ ਹੀ ਸਿੱਧ ਕਰਦੀ ਹੈ ਸਗੋਂ ਲੇਖਕ ਨੇ ਮਨੁਖੀ ਭਾਵਨਾਵਾਂ ਦਾ ਵੀ ਏਨਾ ਸਜੀਵ ਚਿਤਰਣ ਕੀਤਾ ਹੈ ਕਿ ਦਿਲ ਬਦੋਬਦੀ 'ਵਾਹ !' ਕਹਿ ਉਠਦਾ ਹੈ। 'ਵਰਿਆਮ' ਵਸ਼ਿਸ਼ਟ ਤੋਂ ਹੋਰ ਕਹਾਣੀਆਂ ਦੀ ਵੀ ਉਮੀਦ ਰਖਦਾ ਹੈ।

ਖੱਟ ਖੱਟ ! ਕਿਸੇ ਨੇ ਬੂਹਾ ਖੜਕਾਇਆ ਤੇ ਲਗਿਆ, ਜਿਵੇਂ ਹੱਥ ਦੀ ਅਵਾਜ਼ ਕੁਝ ਜਾਣੀ-ਪਛਾਣੀ ਜਿਹੀ ਹੈ। ਦਰਵਾਜ਼ਾ ਖੋਲ੍ਹਾਂਗਾ ਤੇ ਮੁੰਨੀ ਦੌੜ ਕੇ ਕਮਰੇ ਵਿਚ ਵੜ ਆਵੇਗੀ ਅਤੇ ਉਥਲ-ਪੁਥਲ ਮਚਾਉਣ ਲਗੇਗੀ । ਟੇਬਲ ਦੀਆਂ ਕਿਤਾਬਾਂ ਮੰਜੀ ਤੇ ਰਖ ਦੇਵੇਗੀ ਅਤੇ ਮੰਜੀ ਤੇ ਪਈਆਂ ਪੱਤਰਕਾਵਾਂ ਥੱਲੇ ਫਰਸ਼ ਤੇ ਸੁੱਟ ਦੇਵੇਗੀ। ਪੈਡ ਕਿਤੇ ਰਖ ਦੇਵੇਗੀ ਅਤੇ ਪੈੱਨ ਕਿਤੇ ਅਤੇ ਮੈਂ ਬਥੇਰਾ ਮਨ੍ਹਾਂ ਕਰਾਂਗਾ, ਪਰ ਉਹ ਮੰਨੇਗੀ ਨਹੀਂ। ਮੈਂ ਉਹਨੂੰ ਫੁਸਲਾਉਣ ਦੀ ਇੱਛਾ ਨਾਲ ਪੁਛਾਂਗਾ "ਤੇਰੇ ਬਾਊਜੀ ਕੀ ਕਰ ਰਹੇ ਹਨ, ਮੁੰਨੀ ?"

ਉਹ ਜਵਾਬ ਦੇਵੇਗੀ : "ਖਾਣਾ ਬਣਾ ਰਹੇ ਹਨ।"

ਮੈਂ ਪੁਛਾਂਗਾ : "ਮੁੰਨੀ, ਬਿਸਕੁਟ ਲਵੇਂਗੀ ?"

ਉਹ ਬੋਲੇਗੀ : "ਹਾਂ !"

ਖੱਟ ਖਟ.........ਫਿਰ ਕਿਸੇ ਨੇ ਦਰਵਾਜ਼ਾ ਖੜਕਾਇਆ। ਮੈਂ ਅਣਜਾਣੇ ਭਾਵ ਨਾਲ ਦਰਵਾਜ਼ਾ ਖੋਲ੍ਹ ਦਿਤਾ। ਦੀਪੂ ਖਿਡਾਉਣੇ ਲੈ ਕੇ ਆਇਆ ਸੀ।

ਇਕ ਹਫਤਾ ਪਹਿਲਾਂ ਮੈਂ ਉਹਨੂੰ ਲੱਕੜੀ ਦੇ ਚੰਗੇ-ਚੰਗੇ ਖਿਡਾਉਣੇ ਬਣਾ ਕੇ ਲਿਆਉਣ ਨੂੰ ਕਿਹਾ ਸੀ । ਉਹ ਦੋ ਦਿਨ ਦਾ ਵਾਇਦਾ ਕਰ ਕੇ ਗਿਆ। ਪਰ ਹਫਤੇ ਪਿਛੋਂ ਮੁੜਿਆ ਹੈ।

ਇਦੂੰ ਪਹਿਲਾਂ ਕਿ ਮੈਂ ਉਹਨੂੰ ਕੁਝ ਕਹਿੰਦਾ, ਉਹ ਆਪੂੰ ਹੀ ਕਹਿਣ ਲਗਾ : "ਬਾਊ ਜੀ ਖਿਡਾਉਣੇ ਲਿਆਉਣ ਵਿਚ ਦੇਰ ਹੋ ਗਈ ਹੈ। ਕੀ ਕਰਦਾ ਕਾਕੀ ਬਿਮਾਰ ਸੀ। ਬੜਾ ਪਰੇਸ਼ਾਨ ਰਿਹਾ। ਆਹ ਪਏ ਜੇ ਖਿਡਾਉਣੇ। ਚੰਗੀ ਤਰ੍ਹਾਂ ਬਣਾ ਕੇ ਲਿਆਇਆ ਹਾਂ।"

ਮੈਂ ਉਹਨੂੰ ਕੋਈ ਸ਼ਿਕਾਇਤ ਕਰਨੀ ਠੀਕ ਨਹੀਂ ਸਮਝਿਆ ਤੇ ਕਿਹਾ : "ਖਿਡਾਉਣੇ ਉਸੇ ਮੇਜ਼ ਤੇ ਰਖ ਦੇ।"

ਖਿਡਾਉਣੇ ਦੀ ਟੋਕਰੀ ਰਖਦੇ ਹੋਏ ਉਹਨੇ ਪੁਛਿਆ : 'ਧੀ ਰਾਣੀ ਕਿਥੇ ਹੈ ? ਬਾਊ ਜੀ, ਮੈਂ ਉਹਦੇ ਲਈ ਆਪਣੀ ਵਲੋਂ ਲੱਕੜੀ ਦਾ ਮੋਰ ਬਣਾ ਕੇ ਲਿਆਇਆ ਹਾਂ।"

"ਉਹ ਵੀ ਉਸੇ ਟੋਕਰੀ ਵਿਚ ਰਖ ਦੇ।" ਮੈਂ ਕਿਹਾ : "ਉਹ ਆਪਣੇ ਨਾਨਕੇ ਗਈ ਹੈ। ਹਾਂ, ਖਿਡਾਉਣੇ ਦੇ ਕਿੰਨੇ ਪੈਸੇ ਦੇਵਾਂ ?"

ਉਹ ਬੋਲਿਆ : "ਸਾਰਿਆਂ ਤੋਂ ਤਾਂ ਢਾਈ ਰੁਪੈ ਲੈਂਦਾ ਹਾਂ, ਬਾਊਜੀ, ਤੁਸੀਂ ਦੋ ਰੁਪੈ ਦੇ ਦਿਉ।"

ਮੈਂ ਦੋ ਰੁਪਏ ਦਾ ਇਕ ਨੋਟ ਉਹਦੇ ਹੱਥ ਵਿਚ ਰਖ ਦਿਤਾ।

"ਅਛਾ, ਬਾਊਜੀ ਰਾਮ ਰਾਮ !' ਉਹ ਜਾਣ ਲਗਾ।

"ਹਾਂ ਇਹ ਤੇ ਤੂੰ ਦਸਿਆ ਹੀ ਨਹੀਂ ਕਿ ਤੇਰੀ ਕਾਕੀ ਕਿਵੇਂ ਹੈ ਹੁਣ ?"

ਉਹਦੀਆਂ ਅੱਖਾਂ ਵਿਚ ਅੱਥਰੂ ਭਰ ਆਏ।

"ਬਾਊ ਜੀ ਮੁੰਨੀ ਤੇ ਭਗਵਾਨ ਦੇ........।"

"ਆਹ ! ਬੁਰਾ ਹੋਇਆ।" ਮੈਂ ਸਿਰਫ਼ ਇੰਨਾ ਹੀ ਕਹਿ ਸਕਿਆ ਸੀ ਕਿ ਮੇਰੀ ਨਜ਼ਰ ਸਾਹਮਣੇ ਘਰ ਵਲ ਚਲੀ ਗਈ। ਉਸ ਘਰ ਦੇ ਖਿੜਕੀਆਂ ਦਰਵਾਜ਼ੇ ਬੰਦ ਸੀ।

ਮੇਰੀ ਨਜ਼ਰ ਉਥੇ ਹੀ ਗੱਡੀ ਰਹੀ। ਦੀਪੂ ਕਦੋਂ ਚਲਿਆ ਗਿਆ, ਕੁਝ ਪਤਾ ਨਹੀਂ ਲਗਾ।

ਇਸ ਗਲੀ ਵਿਚ, ਜਿਥੇ ਕਿ ਮੈਂ ਕੁਝ ਦਿਨਾਂ ਤੋਂ ਰਹਿ ਰਿਹਾ ਹਾਂ, ਇਕ ਮੁੰਨੀ ਨਾਲ ਹੀ ਤੇ ਮੇਰੀ ਦੋਸਤੀ ਸੀ। ਉਹ ਅਚਾਨਕ ਹੀ ਮੇਰੀ ਦੋਸਤ ਬਣ ਗਈ ਸੀ। ਮੈਨੂੰ ਇਸ ਘਰ ਵਿਚ ਆਇਆਂ ਅਜੇ ਦੂਸਰਾ ਦਿਨ ਸੀ ਅਤੇ ਮੈਂ ਸਟੋਵ ਤੇ ਚਾਹ ਬਣਾ ਰਿਹਾ ਸਾਂ। ਅਚਾਨਕ ਨਜ਼ਰ ਬੂਹੇ ਵਲ ਮੁੜੀ ਤੇ ਦੇਖਿਆ, ਇਕ ਚਾਰ ਕੁ ਵਰ੍ਹਿਆਂ ਦੀ ਬੇਬੀ ਦਰਵਾਜ਼ੇ ਨਾਲ ਸ਼ਰਮਾਈ ਖਲੋਤੀ ਹੈ। ਉਹਦੀਆਂ ਗੋਲ ਮਾਸੂਮ ਅੱਖਾਂ ਵਿਚ ਜਿਗਿਆਸਾ ਨਾਲ ਝਿੱਜਕ ਵੀ ਸੀ।

"ਆ ਜਾ, ਆ ਜਾ ਮੁੰਨੀ, ਆ ਜਾ।" ਮੈਂ ਪਿਆਰ ਨਾਲ ਉਹਨੂੰ ਆਪਣੇ ਕੋਲ ਬੁਲਾਇਆ।

ਉਹ ਝਿੱਜਕਦੀ ਹੋਈ ਮੇਰੇ ਕੋਲ ਆਈ। ਮੈਂ ਉਠ ਕੇ ਉਹਨੂੰ ਆਪਣੀ ਗੋਦ ਵਿਚ ਲੈ ਗਿਆ। ਫਿਰ ਇਕ ਡੱਬੇ ਵਿਚੋਂ ਬਿਸਕੁਟ ਕਢੇ ਅਤੇ ਉਹਨੂੰ ਫੜਾਉਂਦਿਆਂ ਹੋਇਆਂ ਕਿਹਾ : "ਤੇਰਾ ਨਾਂ ਕੀ ਹੈ ?"

ਤੋਤਲੀ ਅਵਾਜ਼ ਵਿਚ ਉਹ ਬੋਲੀ : "ਪੁਛਪਾ !"

"ਪੁਸ਼ਪਾ ਤੇ ਬੜਾ ਪਿਆਰਾ ਨਾਂ ਹੈ। ਤੇਰਾ ਘਰ ਕਿਥੇ ਹੈ ?" ਉਹਨੇ ਸਾਹਮਣੇ ਪਾਸ ਸੰਕੇਤ ਕੀਤਾ।

ਸਾਹਮਣੇ ਘਰ ਦੀ ਖਿੜਕੀ ਦੇ ਮਹੀਨ-ਜਿਹੇ ਪਰਦੇ ਪਿਛੋਂ ਇਕ ਪਰਛਾਵਾਂ-ਜਿਹਾ ਖਲੋਤਾ ਦਿਖਾਈ ਦਿਤਾ। ਅਤੇ ਦੋ ਚਮਕਦਾਰ ਅੱਖਾਂ, ਜਿਹਨਾਂ ਨੂੰ ਮੈਂ ਕਦੀ ਨਹੀਂ ਭੁਲਾ ਸਕਿਆ। ਸਾਹਮਣੇ ਘਰ ਵਿਚ ਕੌਣ ਸਾਹਬ ਰਹਿੰਦੇ ਹਨ ਅਤੇ ਮੁੰਨੀ ਕਿਹਦੀ ਕੁੜੀ ਹੈ, ਉਹਦੇ ਨਾਲ ਅਜੇ ਜਾਣ-ਪਛਾਣ ਨਹੀਂ ਹੋ ਸਕੀ ਸੀ। ਇੰਨਾ ਸੁਣਿਆ ਸੀ ਕਿ ਉਹ ਬੈਂਕ ਵਿਚ ਹੈਡ ਕਲਰਕ ਹਨ ਅਤੇ ਗਲੀ ਵਿਚ ਉਹਨਾਂ ਨੂੰ ਕਿਰ੍ਹੀ ਬਾਬੂ ਦੇ ਨਾਂ ਨਾਲ ਸੱਦਿਆ ਜਾਂਦਾ ਹੈ।

ਉਸ ਦਿਨ ਸ਼ਾਮਾਂ ਵੇਲੇ, ਦਫਤਰੋਂ ਹੁੰਦਾ ਹੋਇਆ, ਘਰ ਮੁੜ ਰਿਹਾ ਸੀ, ਕਿ ਇਕ ਪਤਲੇ-ਜਿਹੇ ਵਿਅਕਤੀ ਨੂੰ ਅੱਖਾਂ ਤੇ ਐਨਕ ਲਾਈ ਆਪਣੇ ਘਰ ਦੇ ਬਰਾਂਡੇ ਵਿਚ ਖਲੋਤਾ ਅਖਬਾਰ ਪੜ੍ਹਦਿਆਂ ਹੋਇਆਂ ਦੇਖਿਆ।

ਮੈਨੂੰ ਵੇਖਦਿਆਂ ਹੀ ਉਹਨਾਂ ਨੇ ਅਖਬਾਰ ਅੱਖਾਂ ਦੇ ਸਾਹਮਣਿਉਂ ਉਹਲੇ ਕੀਤੀ। ਮੈਂ ਉਹਨਾਂ ਨੂੰ ਨਮਸਕਾਰ ਕਿਹਾ। ਉਹਨਾਂ ਨਮਸਕਾਰ ਦਾ ਉਤਰ ਸੰਕੇਤ ਵਿਚ ਦਿਤਾ। ਉਦੋਂ ਹੀ ਉਹਨਾਂ ਨਾਲ ਹਲਕੀ ਜਿਹੀ ਜਾਣ-ਪਛਾਣ ਜਿਹੀ ਹੋਈ। ਇਸ ਪਹਿਲੀ ਮਿਲਣੀ ਵਿਚ ਹੀ ਮੈਂ ਭਾਪ ਲਿਆ ਸੀ ਕਿ ਉਹਨਾਂ ਦੀਆਂ ਅੱਖਾਂ ਵਿਚ ਅਪਣੱਤਣ ਦੀ ਬਜਾਏ ਪਰਾਇਆ-ਪਣ ਵਧੇਰੇ ਹੈ।

ਫਿਰ ਇਸ ਤੋਂ ਬਾਅਦ ਗੁਆਂਢੀ ਦੇ ਨਾਤੇ ਉਹਦੇ ਨਾਲ ਮਿਲਣਾ ਜੁਲਣਾ ਹੁੰਦਾ ਹੀ ਰਿਹਾ। ਲੇਕਿਨ ਮੇਰੇ ਵਿਚ ਤੇ ਉਹਦੇ ਵਿਚ ਕੋਈ ਵਿਸ਼ੇਸ਼ ਨੇੜਤਾ ਨਹੀਂ ਆਈ ਸੀ। ਹਾਂ, ਮੁੰਨੀ ਨੇ ਮੈਨੂੰ ਅਵੱਸ਼ ਮੋਹ ਲਿਆ ਸੀ। ਉਹ ਮੇਰੀ ਮਿੱਤਰ ਬਣ ਗਈ ਸੀ। ਉਹ ਰੋਜ਼ ਮੇਰੇ ਵਲ ਆ ਆਂਦੀ ਅਤੇ ਤੋਤਲੀਆਂ ਗੱਲਾਂ ਨਾਲ ਮੇਰਾ ਮਨ ਪਰਚਾਈ ਰਖਦੀ। ਮੈਨੂੰ ਆਪਣੇ ਘਰ ਦੀ ਤਨਹਾਈ ਬਿਲਕੁਲ ਨਹੀਂ ਅਖਰਦੀ ਸੀ।

ਕਦੇ-ਕਦਾਈਂ ਜਦੋਂ ਮੁੰਨੀ ਬਹੁਤ ਦੇਰ ਤਕ ਮੇਰੇ ਕੋਲ ਰਹਿ ਜਾਂਦੀ, ਤੇ ਉਹਦੀ ਨੌਕਰਾਣੀ ਉਹਨੂੰ ਲੈਣ ਆਉਂਦੀ ਅਤੇ ਕਹਿੰਦੀ : 'ਚਲ ਮੰਮੀ ਨੇ ਬੁਲਾਇਆ ਹੈ।"

ਉਹ ਕਹਿੰਦੀ : "ਨਹੀਂ ਜਾਵਾਂਗੀ।"

ਮੈਂ ਕਹਿੰਦਾ : "ਖੇਡਣ ਦਿਉ। ਜਦੋਂ ਕਹੇਗੀ, ਛੱਡ ਆਵਾਂਗਾ।"

ਨੌਕਰਾਣੀ ਕਹਿੰਦੀ "ਫਿਰ ਆ ਜਾਵੇਗੀ ! ਹੁਣ ਇਹਦੀ ਮਾਂ ਬੁਲਾ ਰਹੀ ਹੈ।" ਅਤੇ ਉਹ ਉਹਨੂੰ ਜ਼ਬਰਦਸਤੀ ਗੋਦੀ ਵਿਚ ਚੁਕ ਕੇ ਲੈ ਜਾਂਦੀ।

ਮੈਂ ਵੇਖਿਆ, ਬਾਹਰ ਦਰਵਾਜ਼ੇ ਦੇ ਥੋੜੇ-ਜਿਹੇ ਹਟੇ ਹੋਏ ਪਰਦੇ ਦੀ ਓਟ ਵਿਚੋਂ ਇਕ ਚਿਹਰਾ ਬਾਹਰ ਝਾਕ ਰਿਹਾ ਹੈ। ਇਕ ਉਦਾਸ ਚਿੱਤ ਕੁਮਲਾਇਆ ਚਿਹਰਾ। ਖਾਮੋਸ਼ੀ ਵਿਚ ਕੁਝ ਭਾਲਦੀਆਂ ਅੱਖਾਂ। ਮੇਰੀ ਦ੍ਰਿਸ਼ਟੀ ਕੁਝ ਪਲ ਲਈ ਉਸ ਪਾਸੇ ਟਿਕ ਜਾਂਦੀ। ਮੈਂ ਸ-ਝ ਨਾ ਸਕਦਾ

ਉਹਨਾਂ ਅੱਖਾਂ ਵਿਚ ਕੀ ਹੈ। ਸੋਚਦਾ, ਸ਼ਾਇਦ ਮੁੰਨੀ ਦੀ ਮਾਂ ਬਿਮਾਰ ਰਹਿੰਦੀ ਹੈ, ਇਸੇ ਲਈ ਉਹਦੇ ਚਿਹਰੇ ਤੇ ਰੌਣਕ ਨਹੀਂ ਹੈ। ਘਰੋਂ ਵੀ ਜ਼ਿਆਦਾ ਇਸੇ ਕਰਕੇ ਬਾਹਰ ਨਹੀਂ ਨਿਕਲਦੀ।

ਸਵੇਰੇ ਜਦੋਂ ਮੁੰਨੀ—ਮੇਰੇ ਕੋਲ ਆਉਂਦੀ, ਤੇ ਮੈਂ ਉਹਨੂੰ ਪੁਛਦਾ : "ਤੇਰੀ ਮਮੀ ਠੀਕ ਹੈ ਮੁੰਨੀ ?"

ਮੁੰਨੀ ਕਦੇ ਕੁਝ ਜਵਾਬ ਦੇਂਦੀ, ਕਦੇ ਕੁਝ। ਅਸਲ ਵਿਚ ਮੇਰੀ ਗੱਲ ਦਾ ਭਾਵ ਸਮਝ ਨਾ ਸਕਦੀ।

ਉਹ ਕਹਿੰਦੀ : "ਚਾਚਾ, ਗਾਣਾ ਸੁਣੋਗੇ ?"

"ਵਾਹ ! ਵਾਹ ! ਹਾਂ · ਹਾਂ ਸੁਣਾ। ਅਜ ਨਵਾਂ ਗਾਣਾ ਸੁਣਾਵੇਂਗੀ ਨਾ ?"

"ਹਾਂ ।" ਉਹ ਤੋਤਲੀ ਅਵਾਜ਼ ਵਿਚ ਗਾਉਣ ਲਗਦੀ।

ਬਹੁਤ ਪਿਆਰਾ ਲਗਦਾ ਉਹਦਾ ਗਾਣਾ।

"ਮੈਂ ਪੁਛਦਾ : ਇਹ ਗਾਣ ਕੀਹਨੇ ਸਿਖਾਇਆ ਮੁੰਨੀ ?"

"ਉਹ ਕਹਿੰਦੀ : "ਮਮੀ ਨੇ ।"

"ਕੀ ਮਮੀ ਨੂੰ ਬਹੁਤ ਸਾਰੇ ਗਾਣੇ ਆਉਂਦੇ ਹਨ ?"

"ਹਾਂ !"

"ਤੇਰੀ ਮਮੀ ਤੇਰੇ ਪਾਪਾ ਨੂੰ ਗਾਣਾ ਨਹੀਂ ਸੁਣਾਉਂਦੀ ਕੀ ?"

"ਪਾਪਾ ਗਾਣਾ ਨਹੀਂ ਸੁਣਦੇ ?"

"ਕਿਉਂ ?"

' ਪਾਪਾ ਗੁੱਸੇ ਹੁੰਦੇ ਹਨ ।"

ਪਾਪਾ ਗੁਸੇ ਕਿਉਂ ਹੁੰਦੇ ਹਨ ਇਹ ਗੱਲ ਮੇਰੀ ਸਮਝ ਵਿਚ ਨਹੀਂ ਆਉਂਦੀ ਸੀ।

ਇਕ ਐਤਵਾਰ ਦੇ ਦਿਨ ਮੁੰਨੀ ਨੇ ਕਿਹਾ : "ਚਾਚਾ ਗਾਣਾ ਸੁਣੋਗੇ ?'

ਮੈਂ ਕਿਹਾ : "ਸੁਣਾ ।"

"ਆਪਣਾ ਦੇਸ਼ ਪਿਆਲਾ, ਸਭ ਸੇ ਨਿਆਲਾ ।"

"ਮੈਂ ਮੁੰਨੀ ਨੂੰ ਟਾਫੀਆਂ ਦਿਤੀਆਂ ਅਤੇ ਕਿਹਾ : "ਮੁੰਨੀ ਇਹ ਗਾਣਾ ਤੇ ਬਹੁਤ ਚੰਗਾ ਹੈ। ਕੀ ਇਹ ਵੀ ਤੇਰੀ ਮਮੀ ਨੇ ਸਿਖਾਇਆ ?"

ਉਹ ਬੋਲੀ : "ਹਾਂ ।"

"ਵਾਹ ! ਤਾਂ ਤੇ ਤੇਰੀ ਮਮੀ ਬਹੁਤ ਚੰਗੀ ਹੈ ।"

ਇੰਨੇ ਵਿਚ ਨੌਕਰਾਨੀ ਆਈ ਤੇ ਮੁੰਨੀ ਨੂੰ ਕਿਹਾ : "ਚਲ ਮੁੰਨੀ, ਤੇਰੇ ਪਾਪਾ ਜੀ ਬੁਲਾ ਰਹੇ ਹਨ ।"

"ਨਹੀਂ ਜਾਊਂਗੀ, ਮਾਲੇਂਗੇ ।" ਮੁੰਨੀ ਸਹਿਮ ਜਿਹੀ ਗਈ।

' ਨਹੀਂ ਮਾਰਨਗੇ, ਚਲ ।" ਨੌਕਰਾਣੀ ਉਹ ਨੂੰ ਗੋਦੀ ਵਿਚ ਚੁਕ ਕੇ ਲੈ ਗਈ।

ਕੁਝ ਦੇਰ ਬਾਅਦ ਮੈਂ ਮੁਨੀ ਦੇ ਰੋਣ ਅਤੇ ਸਿਸਕੀਆਂ ਦੀ ਅਵਾਜ਼ ਸੁਣੀ ਅਤੇ ਜਦੋਂ ਖਿੜਕੀ ਤੋਂ ਬਾਹਰ ਝਾਕ ਕੇ ਦੇਖਿਆ, ਤੇ ਮੇਰੀਆਂ ਦਿਤੀਆਂ ਹੋਈਆਂ ਟਾਫੀਆਂ ਬਾਹਰ ਨਾਲੀ ਦੇ ਕੋਲ ਸੁਟੀਆਂ ਨਜ਼ਰ ਆਈਆਂ।

ਮੈਂ ਅਜੇ ਤਕ ਕਿਸ਼ੋਰੀ ਬਾਬੂ ਨੂੰ ਸਿਰਫ ਇਕ ਖਾਮੋਸ਼ ਅਤੇ ਖੁਸ਼ਕ ਮਿਜ਼ਾਜ਼ ਆਦਮੀ ਹੀ ਸਮਝੀ ਬੈਠਾ ਸੀ। ਉਹਨਾਂ ਨੇ ਮੇਰੇ ਆਦਰ ਅਤੇ ਸਨੇਹ ਨੂੰ ਠੋਕਰ ਮਾਰੀ ਸੀ। ਮੇਰਾ ਦਿਲ ਮੁੰਨੀ ਦੇ ਪ੍ਰਤੀ ਕਰੁਣਾ ਨਾਲ ਭਰ ਆਇਆ।

ਉਹਨਾਂ ਦੀ ਕੰਮ ਕਰਨ ਵਾਲੀ ਨੌਕਰਾਣੀ, ਮੇਰੇ ਘਰ ਵਿਚ ਝਾੜੂ ਬਾਰੂ ਅਤੇ ਇਸੇ ਤਰ੍ਹਾਂ ਦੇ ਛੋਟੇ-ਮੋਟੇ ਕੰਮ ਕਰ ਜਾਇਆ ਕਰਦੀ ਸੀ। ਉਸ ਦਿਨ ਥੋੜ੍ਹੀ ਦੇਰ ਬਾਅਦ ਉਹ ਮੇਰੇ ਵਲ ਆਈ, ਤਾਂ ਮੈਂ ਉਹ ਨੂੰ ਪੁਛਿਆ : "ਮੁੰਨੀ ਰੋ ਕਿਉਂ ਰਹੀ ਸੀ ?"

"ਬਾਊ ਜੀ, ਕੀ ਦਸਾਂ" ਉਹ ਦੁਖੀ ਸਵਰ ਵਿਚ ਬੋਲੀ : ' ਉਹਨਾਂ ਦੀ ਬੱਚੀ ਹੈ, ਜੋ ਜੀਅ ਆਏ ਕਰਨ !"

ਇੰਨਾ ਹੀ ਸੰਕੇਤ ਮੇਰੇ ਲਈ ਕਾਫੀ ਸੀ। ਮੈਂ ਬੋਲਿਆ "ਟਾਫੀ ਤੇ ਮੈਂ ਮੁੰਨੀ ਨੂੰ ਖਾਣ ਲਈ ਦਿਤੀ ਸੀ, ਉਹ ਕਿਉਂ ਬਾਹਰ ਸੁੱਟ ਦਿਤੀ ?"

' ਬਾਊ ਜੀ, ਮਾਲਕਣ ਤੇ ਬਾਊ ਜੀ ਦੇ ਸੁਭਾਅ ਵਿਚ ਬਹੁਤ ਫਰਕ ਹੈ। ਦੋਵਾਂ ਦੀ ਆਪੂ ਵੀ ਬਣਦੀ ਨਹੀਂ ।"

"ਕੀ ਕਿਸ਼ੋਰੀ ਬਾਬੂ ਮੁੰਨੀ ਦਾ ਇਥੇ ਆਉਣਾ ਪਸੰਦ ਨਹੀਂ ਕਰਦੇ ?"

"ਇਹ ਮੈਂ ਨਹੀਂ ਜਾਣਦੀ, ਬਾਊ ਜੀ, ਪਰ ਉਹਨਾਂ ਨੂੰ ਗਾਉਣ ਨਾਲ ਬਹੁਤ ਚਿੜ੍ਹ ਹੈ। ਉਹ ਜਦੋਂ ਉਹਨੂੰ ਗਾਉਂਦੇ ਸੁਣ ਲੈਣ, ਤਾਂ ਬਹੁਤ ਗੁੱਸੇ ਹੁੰਦੇ ਹਨ ?"

"ਗਾਣਾ ਤੇ ਉਹਨੂੰ ਉਹਦੀ ਮਾਂ ਸਿਖਾਉਂਦੀ ਹੈ ਨਾ? ਫਿਰ ਕਿਉਂ ਵਿਗੜਦੇ ਹਨ?"

"ਮੁੰਨੀ ਦੀ ਮਾਂ ਤੇ ਵੀ ਵਿਗੜਦੇ ਹਨ?" ਹੋਰ ਜ਼ਿਆਦਾ ਮੈਂ ਕੁਝ ਨਹੀਂ ਪੁਛਿਆ।

ਫਿਰ ਜਦੋਂ ਮੁੰਨੀ ਮੇਰੇ ਕੋਲ ਆਈ ਤਾਂ ਮੈਂ ਪਿਆਰ ਨਾਲ ਪੁਛਿਆ: "ਮੁੰਨੀ ਪਾਪਾ ਨੇ ਤੈਨੂੰ ਬਹੁਤ ਮਾਰਿਆ ਨਾ?"

ਉਹ ਭੋਲੀਆਂ ਅੱਖਾਂ ਨਾਲ ਮੇਰੇ ਵਲ ਦੇਖਦੀ ਹੋਈ ਬੋਲੀ: "ਹਾਂ!"

"ਮਮੀ ਨੇ ਨਹੀਂ ਛੁਡਾਇਆ?"

"ਮਮੀ ਪਾਪਾ ਤੋਂ ਬਹੁਤ ਡਰਦੀ ਹੈ।"

"ਕਿਉਂ?"

"ਪਾਪਾ ਉਹਨੂੰ ਵੀ ਮਾਲਦੇ ਹਨ।"

'ਤਾਂ ਤੇ ਤੇਰੇ ਪਾਪਾ ਚੰਗੇ ਆਦਮੀ ਨਹੀਂ ਹਨ।'

ਮੈਂ ਮੁੰਨੀ ਨੂੰ ਗੋਦੀ ਵਿਚ ਚੁਕ ਲਿਆ: "ਦੇਖ, ਹੁਣ ਤੂੰ ਮੈਨੂੰ ਕਦੀ ਗਾਣਾ ਨਾ ਸੁਣਾਈ, ਨਹੀਂ ਤੇ ਤੇਰਾ ਪਾਪਾ ਤੈਨੂੰ ਫੇਰ ਮਾਰੇਗਾ।'

"ਮਮੀ ਮੈਨੂੰ ਇਕ ਗਾਣਾ ਹੋਰ ਸਿਖਾ ਰਹੀ ਹੈ...... ਸੁਣਾਂਵਾ?"

ਮੈਂ ਕਿਹਾ: "ਨਹੀਂ।"

ਦਫਤਰੋਂ ਘਰ ਮੁੜਦੇ ਹੋਏ ਰਸਤੇ ਵਿਚ ਕਿਸ਼ੋਰੀ ਬਾਬੂ ਨਾਲ ਮੁਲਾਕਾਤ ਹੋਈ, ਤੇ ਮੈਂ ਉਹਨੂੰ ਕਹਿ ਬੈਠਿਆ: "ਕਿਸ਼ੋਰੀ ਬਾਬੂ, ਮੈਨੂੰ ਤੁਹਾਡੇ ਨਾਲ ਇਕ ਸ਼ਿਕਾਇਤ ਹੈ। ਉਸ ਦਿਨ ਐਵੇਂ ਹੀ ਤੁਸੀਂ ਮੁੰਨੀ ਨੂੰ ਮਾਰਿਆ। ਮੈਂ ਕੀ ਉਹਨੂੰ ਟਾਫੀਆਂ ਦੇ ਕੇ ਬੁਰਾ ਕੀਤਾ ਸੀ?"

ਉਹ ਬੋਲੇ: "ਮੈਨੂੰ ਵੀ ਤੁਹਾਡੇ ਨਾਲ ਸ਼ਿਕਾਇਤ ਹੈ।"

"ਕਹੋ, ਕੀ ਸ਼ਿਕਾਇਤ ਹੈ ਤੁਹਾਨੂੰ ਮੇਰੇ ਤੇ!"

"ਤੁਸੀਂ ਮੇਰੀ ਘਰੇਲੂ ਜ਼ਿੰਦਗੀ ਵਿਚ ਖਾਹ ਮਖਾਹ ਦੀ ਦਿਲਚਸਪੀ ਲੈ ਰਹੇ ਹੋ।"

"ਮੈਂ! ਮੈਂ ਤੇ ਮੁੰਨੀ ਦੀ ਗੱਲ ਕਰ ਰਿਹਾ ਹਾਂ।"

"ਮੈਂ ਸਭ ਸਮਝਦਾ ਹਾਂ," ਉਹ ਗੁੱਸੇ ਵਿਚ ਬੋਲੇ: "ਬੱਚਾ ਨਹੀਂ ਹਾਂ ਮੈਂ?" ਮੈਂ ਹੋਰ ਕੁਝ ਕਹਿਣਾ ਉ[illegible]ਤ ਨਹੀਂ ਸਮਝਿਆ।

ਮੁੰਨੀ ਹਣ ਮੇਰੇ ਵਲ ਬਹੁਤ ਘੱਟ ਆਉਂਦੀ ਸੀ। ਸੰਜੋਗਵਸ ਜਦੋਂ ਉਹਦੇ ਪਾਪਾ ਘਰ ਨਾ ਹੁੰਦੇ ਅਤੇ ਮੈਂ ਘਰ ਹੁੰਦਾ, ਤਾਂ ਉਹ ਅਵੱਸ਼ ਆ ਜਾਂਦੀ। ਉਹਦੀਆਂ ਉਹੋ ਭੋਲੀਆਂ ਭਾਲੀਆਂ ਗੱਲਾਂ ਸਨ, ਉਹ ਜਿਹੀਆਂ ਹੀ ਹਰਕਤਾਂ। ਇਧਰ ਦੀ ਚੀਜ਼ ਉਧਰ, ਉਧਰ ਦੀ ਚੀਜ਼ ਇਧਰ। ਉਹ ਆਪਣੀ ਖੇਡ ਵਿਚ ਗੁਆਚ ਜਾਂਦੀ। ਮੈਂ ਰੋਜ਼ ਸੋਚਦਾ, ਇਹ ਸੰਗੀਤ ਹੀ ਇਹਨਾਂ ਮਾਵਾਂ-ਧੀਆਂ ਅਤੇ ਕਿਸ਼ੋਰ ਬਾਬੂ ਦੇ ਵਿਚ ਦੀ ਦੀਵਾਰ ਕਿਉਂ ਬਣ ਗਿਆ ਹੈ। ਇਹਦੇ ਵਿਚ ਕਿਹੜਾ ਅਜਿਹਾ ਜ਼ਹਿਰ ਹੈ, ਜਿਹਨੇ ਸਭ ਦੇ ਜੀਵਨ ਨੂੰ ਜ਼ਹਿਰੀਲਾ ਕਰ ਦਿਤਾ ਹੈ। ਮੈਂ ਬਹੁਤ ਸੋਚਦਾ, ਪਰ ਕੁਝ ਵੀ ਸਮਝ ਵਿਚ ਨਾ ਆਉਂਦਾ।

ਨੌਕਰਾਣੀ ਤੋਂ ਸੁਣਿਆ ਮੁੰਨੀ ਦੀ ਮਾਂ ਕੁਝ ਦਿਨਾਂ ਤੋਂ ਬਿਮਾਰ ਹੈ। ਉਹਦੇ ਪ੍ਰਤੀ ਮੇਰੇ ਦਿਲ ਵਿਚ ਹਮਦਰਦੀ ਜਾਗੀ। ਪਹਿਲਾਂ ਤਾਂ ਮੈਂ ਸਮਝਿਆ ਮਾਮੂਲੀ ਬੁਖਾਰ ਹੋਵੇਗਾ, ਜਿਹੜਾ ਦੋ ਚਾਰ ਦਿਨਾਂ ਤਕ ਠੀਕ ਹੋ ਜਾਵੇਗਾ, ਲੇਕਿਨ ਬਾਅਦ ਵਿਚ ਪਤਾ ਲਗਾ ਉਹ ਕੋਈ ਭਿਆਨਕ ਰੋਗ ਸੀ ਜਿਹੜਾ ਜਲਦੀ ਠੀਕ ਹੋਣ ਵਾਲਾ ਨਹੀਂ ਸੀ। ਨੌਕਰਾਣੀ ਮੈਨੂੰ ਸਭ ਕੁਝ ਦਸ ਦੇਂਦੀ ਸੀ। ਮੁੰਨੀ ਆਉਂਦੀ ਤੇ ਉਹਦੇ ਤੋਂ ਵੀ ਪੁਛਦਾ: "ਤੇਰੀ ਮਮੀ ਕਿਵੇਂ ਹੈ ਮੁੰਨੀ?"

ਉਹ ਕਹਿੰਦੀ: "ਮਮੀ ਬਿਮਾਲ ਹੈ, ਬਹੁਤ ਬਿਮਾਲ ਹੈ।"

ਮੇਰਾ ਦਿਲ ਚਾਹੁੰਦਾ, ਮੈਂ ਕਿਸ਼ੋਰੀ ਬਾਬੂ ਤੋਂ ਉਹਦੀ ਪਤਨੀ ਦਾ ਹਾਲ ਚਾਲ ਪੁਛਾਂ ਪਰ ਹਿੰਮਤ ਨਾ ਪੈਂਦੀ। ਸ਼ਾਇਦ ਉਹ ਇਹ ਨੂੰ ਵੀ ਆਪਣਾ ਨਿੱਜੀ-ਮਾਮਲਾ ਸਮਝਕੇ ਮੈਨੂੰ ਦੁਰਕਾਰ ਦੇਵੇ।

ਇਕ ਦਿਨ ਸੁਣਿਆ ਮੁੰਨੀ ਦੀ ਮਾਂ ਦੀ ਤਬੀਅਤ ਬਹੁਤ ਖਰਾਬ ਹੈ। ਸਵੇਰ ਤੋਂ ਕਈ ਡਾਕਟਰ ਆ ਚੁਕੇ ਹਨ।

ਮੈਂ ਕਿਸ਼ੋਰੀ ਬਾਬੂ ਦੇ ਕੋਲ ਗਿਆ। ਅਤੇ ਉਹਦੇ ਤੋਂ ਉਹਦੀ ਪਤਨੀ ਦਾ ਹਾਲ ਪੁਛਿਆ। ਉਮੀਦ ਦੇ ਵਿਰੁਧ ਉਹ ਨਿਮ੍ਰਤਾ ਅਤੇ ਸ਼ਾਂਤੀ ਨਾਲ ਪੇਸ਼ ਆਏ। ਉਹ ਆਪਣੀ ਪਤਨੀ ਦੀ ਬਿਮਾਰੀ ਨੂੰ ਲੈ ਕੇ ਬੜੇ ਪਰੇਸ਼ਾਨ ਸਨ ਅਤੇ ਉਹਨਾਂ ਨੂੰ ਹੌਸਲਾ ਦੇਣ ਵਾਲਾ ਕੋਈ ਨਹੀਂ ਸੀ।

ਮੈਂ ਕਿਹਾ: 'ਘਬਰਾਉਣ ਦੀ ਕੋਈ ਗੱਲ ਨਹੀਂ ਹੈ। ਮੁੰਨੀ ਦੀ ਮਾਂ ਜਲਦੀ ਠੀਕ ਹੋ ਜਾਵੇਗੀ।"

ਉਹ ਨਿਰਾਸ਼-ਪੂਰਵਕ ਸ਼ਬਦਾਂ ਵਿਚ ਬੋਲੇ : "ਉਮੀਦ ਘੱਟ ਹੈ।"

ਮੈਂ ਨਹੀਂ ਸਮਝਦਾ ਸੀ ਕਿ ਸਚਮੁਚ ਮੁੰਨੀ ਦੀ ਮਾਂ ਦੀ ਬਿਮਾਰੀ ਏਨੀ ਭਿਆਨਕ ਸਾਬਤ ਹੋਵੇਗੀ ਅਤੇ ਉਹ ਦੋ ਅੱਖਾਂ ਬਿਲਕੁਲ ਜਯੋਤੀ-ਹੀਣ ਹੋ ਜਾਣਗੀਆਂ, ਜਿਹਨਾਂ ਨੂੰ ਮੈਂ ਇਕ ਦਿਨ ਪਰਦੇ ਦੇ ਪਿਛੋਂ ਝਾਂਕਦਿਆਂ ਹੋਇਆ ਦੇਖਿਆ ਸੀ, ਗੀਤ ਗਾਉਣ ਵਾਲੀ ਉਹ ਮੁਟਿਆਰ ਸਦਾ ਲਈ ਚੁਪ ਸਾਧ ਲਾਵੇਗੀ! ਅਤੇ ਛਡ ਜਾਵੇਗੀ ਇਕ ਮਾਂ ਮਿਹਟਰ ਬੱਚੀ ਨੂੰ, ਜਿਹਦੀਆਂ ਡਾਂਡਾਂ ਸੁਣਕੇ ਸਭ ਦੀਆਂ ਅੱਖਾਂ ਸੱਜਲ ਹੋ ਜਾਇਆ ਕਰਨਗੀਆਂ।

ਹੋਇਆ ਇਵੇਂ ਹੀ। ਇਕ ਦਿਨ ਨੋਕਰਾਣੀ ਨੇ ਭੈੜੀ ਖਬਰ ਸੁਣਾਈ। ਮੈਂ ਮੁੰਨੀ ਨੂੰ ਰੋਂਦੇ ਹੋਏ ਦੇਖਿਆ ਤੇ ਲਗਿਆ ਜਿਵੇਂ ਅਜ ਵਿਸ਼ਵ ਦੀ ਸਭ ਤੋਂ ਵਧ ਦੁਖੀ ਘਟਨਾ ਘਟੀ ਹੈ।

ਮੈਂ ਨਹੀਂ ਸਮਝ ਸਕਦਾ ਸੀ, ਕਿਸ਼ੋਰੀ ਬਾਬੂ ਵੀ ਰੋ ਸਕਦੇ ਹਨ। ਉਹਨਾਂ ਦੀਆਂ ਅੱਖਾਂ 'ਚੋਂ ਵੀ ਅਥਰੂ ਵੱਗ ਸਕਦੇ ਹਨ। ਇਕ ਦਿਨ ਜਦੋਂ ਮੈਂ ਉਹਨਾਂ ਦੇ ਕੋਲ ਬੈਠਾ ਹੋਇਆ ਸੀ, ਉਹ ਅੱਖਾਂ ਵਿਚ ਅਥਰੂ ਭਰ ਕੇ ਬੋਲੇ : "ਪਹਿਲੋਂ ਜਾਣੇ ਕਿਉਂ ਮੈਨੂੰ ਸੰਗੀਤ ਚੰਗਾ ਨਹੀਂ ਸੀ ਲਗਦਾ, ਪਰ ਹੁਣ ਮੇਰੇ ਕੰਨ ਉਸ ਦੇ ਲਈ ਤਰਸਦੇ ਹਨ।"

ਮੈਂ ਪੁਛਿਆ : "ਕੀ ਸਚਮੁਚ ਮੁੰਨੀ ਦੀ ਮਾਂ ਬਹੁਤ ਚੰਗਾ ਗਾਉਂਦੀ ਸੀ ?"

ਉਹ ਬੋਲੇ : "ਹਾਂ।"

"ਉਹਦੇ ਗਾਉਣ ਤੇ ਤੁਸੀਂ ਪਾਬੰਦੀ ਕਿਉਂ ਲਗਾਈ ਸੀ ?"

ਇਸ ਲਈ ਕਿ ਮੈਨੂੰ ਹਮੇਸ਼ਾਂ ਇਹੀ ਸ਼ੱਕ ਰਿਹਾ ਕਿ ਜਿਵੇਂ ਉਹਨੂੰ ਮੇਰੇ ਤੋਂ ਵਧ ਸੰਗੀਤ ਨਾਲ ਵਧੇਰੇ ਮੋਹ ਹੈ; ਅਤੇ ਮੇਰੇ ਤੋਂ ਇਹ ਸਹਿਨ ਨਹੀਂ ਹੁੰਦਾ ਸੀ।"

ਉਸ ਦਿਨ ਮੈਂ ਅਨਭਵ ਕੀਤਾ, ਕਿਸ਼ੋਰੀ ਬਾਬੂ ਦੇ ਅੰਦਰ ਛਿਪਿਆ ਹੋਇਆ ਵਿਸ਼ ਅਜ ਅਥਰਆਂ ਥਾਣੀਂ ਬਾਹਰ ਵਗ ਰਿਹਾ ਹੈ। ਉਹ ਜੋ ਪਹਿਲਾਂ ਸਨ ਹੁਣ ਨਹੀਂ ਹਨ ਅਤੇ ਜੋ ਹੁਣ ਹਨ, ਪਹਿਲਾਂ ਨਹੀਂ ਸਨ।

ਉਹ ਮੁੰਨੀ ਨੂੰ ਕੋਲ ਬੈਠਾ ਲੈਂਦੇ ਅਤੇ ਗਾਉਣ ਨੂੰ ਕਹਿੰਦੇ। ਮੁੰਨੀ ਤੋਤਲੀ ਅਵਾਜ਼ ਵਿਚ ਗੀਤ ਗਾਉਣ ਲਗਦੀ, ਜਿਹੜੇ ਉਹਨੇ ਆਪਣੀ ਮਾਂ ਤੋਂ ਸਿਖੇ ਸਨ ਅਤੇ ਕਦੇ ਮੈਨੂੰ ਸੁਣਾਇਆ ਕਰਦੀ ਸੀ। ਮੇਰੀਆਂ ਅੱਖਾਂ ਬੇਵਸ ਖਿੜਕੀ ਵਲ ਉਠ ਜਾਂਦੀਆਂ। ਹੁਣ ਉਹਦੇ ਪਿਛੇ ਜਿਵੇਂ ਅੰਧਕਾਰ ਦੇ ਸਿਵਾਏ ਹੋਰ ਕੁਝ ਹੈ ਹੀ ਨਹੀਂ ਸੀ।

ਮੁੰਨੀ ਮੇਰੇ ਕੋਲ ਆਉਂਦੀ ਤੇ ਬਹੁਤ ਦੇਰ ਤਕ ਗੁੰਮ-ਸੁੰਮ ਬੈਠੀ ਰਹਿੰਦੀ। ਮੈਂ ਕਹਿੰਦਾ : "ਗਾ ਨਾ ਮੁੰਨੀ!"

ਉਹ ਕਹਿੰਦੀ : "ਨਵਾਂ ਗੀਤ ਨਹੀਂ ਆਉਂਦਾ। ਮਮੀ ਆਵੇਗੀ ਤੇ ਦਸੇਗੀ।"

ਮੇਰੇ ਮਨ ਨੂੰ ਧੱਕਾ ਜਿਹਾ ਲਗਦਾ।

ਉਹ ਪੁਛਦੀ : "ਮਮੀ ਬਹੁਤ ਦੂਰ ਗਈ ਹੈ ਨਾ ਚਾਚਾ ?"

ਬੜੀ ਮੁਸ਼ਕਿਲ ਨਾਲ ਮੈਂ ਕਹਿ ਸਕਦਾ : "ਹਾਂ!"

"ਮਮੀ ਨੂੰ ਮੁੜਨ ਵਿਚ ਦੇਰ ਲਗੇਗੀ ਨਾ, ਚਾਚਾ ?"

ਮੈਂ ਹੋਰ ਵੀ ਹੌਲੀ-ਜਿਹੀ ਕਹਿੰਦਾ "ਹਾਂ!"

ਇਕ ਦਿਨ ਅਚਾਨਕ ਮੁੰਨੀ ਖਲੋਤੀ ਖਲੋਤੀ ਡਿਗ ਪਈ। ਫੌਰਨ ਡਾਕਟਰ ਬੁਲਾਇਆ ਗਿਆ। ਉਹਨੇ ਉਹਨੂੰ ਦੇਖਣ ਦੇ ਬਾਅਦ ਕਿਹਾ : "ਬੱਚੀ ਨੂੰ ਕੋਈ ਗਮ ਖਾ ਰਿਹਾ ਹੈ। ਇਹਨੂੰ ਇਥੋਂ ਕਿਤੇ ਦੂਸਰੀ ਜਗ੍ਹਾ ਲੈ ਜਾਣਾ ਚਾਹੀਦਾ ਹੈ।"

ਕਿਸ਼ੋਰੀ ਬਾਬੂ ਨੇ ਕਿਹਾ : "ਕੁਝ ਠੀਕ ਹੁੰਦੇ ਹੀ ਮੈਂ ਇਹਨੂੰ ਇਹਦੇ ਨਾਨਕੇ ਛਡ ਆਵਾਂਗਾ।"

ਉਹਦੀ ਧੀ ਸੀ। ਕਿਸੇ ਨੂੰ ਬੋਲਣ ਦਾ ਕੋਈ ਅਧਿਕਾਰ ਨਹੀਂ ਸੀ। ਸੁਣਕੇ ਮੈਂ ਚੁਪ ਰਹਿ ਗਿਆ।

ਜਿਸ ਦਿਨ ਮੁੰਨੀ ਜਾਣ ਵਾਲੀ ਸੀ, ਉਸ ਤੋਂ ਤਿੰਨ ਦਿਨ ਪਹਿਲਾਂ ਮੈਂ ਪੁਛਿਆ : "ਤੈਨੂੰ ਕੀ ਚਾਹੀਦਾ ਮੁੰਨੀ ?"

ਮੁੰਨੀ ਹੌਲੀ ਜਿਹੀ ਬੋਲੀ : "ਖਿਡਾਉਣੇ।"

ਉਸੇ ਦਿਨ ਮੈਂ ਖਿਡਾਉਣੇ ਵਾਲੇ ਨੂੰ ਢੇਰ ਸਾਰੇ ਖਿਡਾਉਣੇ ਬਣਾ ਕੇ ਲਿਆਉਣ ਨੂੰ ਕਿਹਾ ਸੀ।

ਲੇਕਿਨ ਖਿਡਾਉਣੇ ਵਾਲਾ, ਵੇਲੇ ਸਿਰ ਖਿਡਾਉਣੇ ਨਹੀਂ ਲਿਆ ਸਕਿਆ। ਮੁੰਨੀ ਨੂੰ ਉਹਦੇ ਨਾਨਕੇ ਨੀਯਤ ਸਮੇਂ ਤੋਂ ਦੋ ਦਿਨ ਪਹਿਲਾਂ ਹੀ ਆ ਕੇ ਆਪਣੇ ਨਾਲ ਲੈ ਗਏ ਸੀ। ਦੂਸਰੇ ਹੀ ਦਿਨ ਕਿਸ਼ੋਰੀ ਬਾਬੂ ਘਰ ਬਦਲ ਕੇ ਦੂਸਰੇ ਮਹੱਲੇ ਵਿਚ ਚਲੇ ਗਏ ਸੀ। ਉਹ ਛਡ ਗਏ ਇਕ ਯਾਦ ਅਤੇ ਦੇ ਗਏ ਇਕ ਦਰਦ। ਮੈਂ ਇਸ ਦਰਦ, ਪੀੜ, ਕਰੁਣਾ, ਮਮਤਾ ਅਤੇ ਸਨੇਹ ਨੂੰ ਸੰਭਾਲਣ ਵਿਚ ਆਪਣੇ ਆਪ ਨੂੰ ਅਸਮਰਥ ਪਾਇਆ। ਟੋਕਰੀ ਵਿਚੋਂ ਖਿਡਾਉਣੇ ਕਢ ਕਢ ਕੇ ਮੇਜ਼ ਤੇ ਸਜਾਉਣ ਲਗਾ, ਤਾਂ ਉਹਨਾਂ ਦੇ ਆਕਾਰ ਵੀ ਮੈਨੂੰ ਮਸੂਮ ਨਜ਼ਰ ਆਉਣ ਲਗੇ।

ਸਾਹਮਣੇ ਗਲੀ ਵਿਚ ਕੁਝ ਬੱਚੇ ਖੇਡ ਰਹੇ ਸਨ ਮੈਂ ਓਹਨਾਂ ਨੂੰ ਘਰ ਸਦਿਆ ਅਤੇ ਖਿਡੌਣੇ ਉਹਨਾਂ ਨੂੰ ਦੇਣ ਲਗਾ। ਉਹ ਖਿਡੌਣੇ ਲੈ ਕੇ ਉਛਲਦੇ-ਕੁਦਦੇ ਫਿਰ ਗਲੀ ਵਿਚ ਆ ਗਏ। ਮੈਨੂੰ ਅਜਿਹਾ ਭਰਮ ਹੋਇਆ ਜਿਵੇਂ ਮੁੰਨੀ ਵੀ ਉਹਨਾਂ ਵਿਚ ਖੇਡ ਰਹੀ ਹੈ।

ਉਦੋਂ ਹੀ ਮੇਰੀ ਨਿਰਾਸ਼ ਦ੍ਰਿਸ਼ਟੀ ਸਾਹਮਣੇ ਉਸ ਘਰ ਵਲ ਗਈ, ਜਿਹਦੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਸਨ। ਮੈਂ ਇਕੋ ਟਕ ਉਧਰ ਹੀ ਦੇਖਦਾ ਰਿਹਾ। ਕੁਝ ਪਲ ਬਾਅਦ ਜਿਵੇਂ ਉਸ ਪਾਸਿਉਂ ਸੰਗੀਤ ਦੀ ਧੁਨ ਆਉਂਦੀ ਸੁਣਾਈ ਦਿਤੀ। ਇਕ ਅਜਿਹੇ ਗੀਤ ਦਾ ਸ਼ਬਦ, ਜਿਹਨੂੰ ਮੈਂ ਪਹਿਲਾਂ ਕਦੀ ਨਹੀਂ ਸੁਣਿਆ ਸੀ।

9-ਏ, ਪੰਜਾਬੀ ਲਾਈਨ
ਰਾਮਦਾਸ ਭੱਠਾ
ਜਮਸ਼ੇਦਪੁਰ-1 ਬਿਹਾਰ

ਖ਼ੂਬਸੂਰਤ ਕਣ

—ਪ੍ਰੀਤਮ ਸਿੰਘ ਕਵੀ

ਸ਼ਹਿਦ-ਮਿੱਠੇ ਬੋਲ, ਰਸ-ਭਿੰਨੀ ਆਵਾਜ਼, ਪਰੇਮ-ਭਿੰਨੀ ਤੱਕਣੀ ਅਤੇ ਸੁਆਦ-ਸੁਆਦ ਰੂਹੀ। ਪ੍ਰੀਤਮ ਸਿੰਘ ਕਵੀ ਜੀ ਦਾ ਇਕ ਰੂਪ ਇਹ ਹੈ ਤੇ ਦੂਜਾ ਲਿਖਣ ਲੱਗਿਆਂ ਅਲੰਕਾਰਾਂ ਦੇ ਅਥਾਰ ਲਾ ਦੇਣ ਵਾਲਾ ਤੇ ਹਰਪਲ, ਹਰ ਕਣ ਤੇ ਹਰ ਸ਼ੈਅ 'ਚੋਂ ਸੁੰਦਰਤਾ ਭਾਲਣ ਵਾਲਾ। ਉਂਜ ਉਹ 'ਵਰਿਆਮ' ਦੇ ਪਾਠਕਾਂ ਲਈ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ।

—ਸੰਪਾਦਕ

ਹੋਵਾਂਗਾ ਕੋਈ ਦਸ ਕੁ ਸਾਲ ਦਾ। ਸਕੂਲੋਂ ਪੜ੍ਹਕੇ ਆਉਂਦਿਆਂ ਗਰਮੀ ਕਾਰਨ ਬੜੀ ਤਲਖ਼ੀ ਮਹਿਸੂਸ ਕੀਤੀ। ਕੋਲ ਹੀ ਜਾਮਣ ਦੇ ਰੁੱਖਾਂ ਦੀ ਕਤਾਰ ਸੀ, ਉਹਨਾਂ ਚੋਂ ਇਕ ਦੀ ਛਾਂ ਹੇਠ ਜਰਾ ਕੁ ਸਾਹ ਲੈਣ ਲਈ ਆ ਗਿਆ। ਉਹ ਵੀ ਮੇਰੇ ਵਾਂਗ, ਗਰਮੀ ਤੋਂ ਬਕਲੀ ਹੋਈ, ਏਸੇ ਠੰਢੀ ਛਾਂ ਹੇਠਾਂ ਲੱਤਾਂ ਪਸਾਰੀ ਪਈ ਸੀ। ਉਹਦੇ ਭੂਰੇ ਭੂਰੇ ਵਾਲਾਂ ਤੇ ਲੇਟਣ ਦੀ ਮੁੱਦਰਾ ਨੇ ਮੈਨੂੰ ਬੇਵੱਸ ਜਿਹਾ ਕਰ ਦਿਤਾ। ਬਸਤਾ ਰੁੱਖ ਦੀਆਂ ਜੜ੍ਹਾਂ ਨਾਲ ਰੱਖ ਮੈਂ ਉਸ ਦੇ ਪਾਸ ਗਿਆ। ਏਨੀ ਗੁਸਤਾਖੀ ਮੈਥੋਂ ਜ਼ਰੂਰ ਹੋ ਗਈ ਕਿ ਮੈਂ ਉਸ ਨੂੰ ਹੱਥ ਨਾਲ ਨਹੀਂ, ਜੁੱਤੀ ਚੋਂ ਪੈਰ ਕਢ ਕੇ ਛੁਹਿਆ।

ਇਸ ਛੁਹਣੀ ਨਾਲ ਉਸ ਨੇ ਆਪਣੀ ਸ਼ਾਂਤੀ ਭੰਗ ਨਾ ਹੋਣ ਦਿਤੀ।

ਅਜਿਹੀ ਤਿੱਖੜ ਦੁਪਹਿਰੇ, ਇਸ ਸੁਹਾਵਣੀ ਛਾਂ ਥੱਲੇ, ਇਕ ਮਿੱਤਰ ਮਿੱਲ ਜਾਣ ਕਰਕੇ ਉਹਦੇ ਨਾਲ ਖੇਡਣ ਲਈ ਮਨ ਬੇਕਲ ਹੋ ਗਿਆ ਤੇ ਹੌਲੀ ਹੌਲੀ ਛੇੜਛਾੜ ਕਰਦਾ ਮੇਰੇ ਪੈਰ ਦਾ ਅੰਗੂਠਾ ਉਸਦੀ ਲਾਲ ਲਾਲ ਬੂਥਣੀ ਨੂੰ ਆ ਛੁਹਿਆ।

ਅਤੇ ਉਹ ਮੁਸਕਰਾ ਪਈ।

ਉਹਦੀਆਂ ਨਿੱਕੀਆਂ ਤੇ ਤਿੱਖੀਆਂ ਦੰਦੀਆਂ ਵਰਾਛਾਂ ਚੋਂ ਅਨਾਰ ਦੇ ਦਾਣਿਆਂ ਵਾਂਗ ਫੁੱਟ ਪਈਆਂ। ਅੱਖਾਂ ਵਿਚ ਮਨੁਖਾ ਸ਼ਰਾਰਤ ਦੀ ਚਮਕ ਉੱਠੀ ਤੇ ਸਾਰੇ ਚਿਹਰੇ ਤੇ ਏਨੀ ਮੋਹਕ ਸੁੰਦਰਤਾ ਛਾ ਗਈ ਜਿਵੇਂ ਉਹ ਵਿਨੋਦ ਪੂਰਨ ਢੰਗ ਨਾਲ ਕਹਿ ਰਹੀ ਹੋਵੇ, "ਕੀ ਗੱਲ ਏ ਜੀ, ਸਾਨੂੰ ਕਿਉਂ ਛੇੜਦੇ ਓ!"

ਜਦੋਂ ਮੈਂ ਵਲਾਇਤ ਵਿਚ "ਸੌਂ ਰਹੀ ਸੁੰਦਰਤਾ" ਨੂੰ ਸਾਕਾਰ ਤੱਕਿਆ, ਤਾਂ ਵੀ, ਮੈਨੂੰ ਉਹਦੀ ਮੁੱਖ-ਮੁੱਦਰਾ ਅਤੇ ਖ਼ੂਬਸੂਰਤ ਮੁਸਕਾਣ ਯਾਦ ਆ ਗਈ।

ਜੇਕਰ ਸੰਸਾਰ ਦੀ ਨੰਬਰ ਇਕ, ਮੁਸਕਾਣ-ਮੰਹਦੀ ਮੋਨਾ-ਲਿਜ਼ਾ ਵੀ ਮਿਲ ਪੈਂਦੀ ਮੈਨੂੰ ਉਸਦੀ ਜਾਮਣਾਂ ਦੀ ਛਾਂ ਹੇਠ ਵੇਖੀ ਜਾਦੂ-ਮੁਸਕੜੀ ਨਹੀਂ ਸੀ ਭੁਲ ਸਕਣੀ।

ਅੱਜ ਮੈਂ ਚੌਹਠਾਂ ਦਾ ਹਾਂ। ਅੱਧੀ ਸਦੀ ਦਾ ਪੰਧ, ਉਸ ਘਟਨਾ ਤੋਂ ਹੁਣ ਤਕ, ਤੈ ਕਰ ਆਇਆ ਹਾਂ। ਸੁੰਦਰ ਇਸਤਰੀਆਂ, ਮਨ-ਮੱਲਵੇਂ ਮਰਦ, ਅਦਭੁਤ ਨਜ਼ਾਰੇ ਅਤੇ ਮਨਮੋਹਣੀਆਂ ਬਿਲਡਿੰਗਾਂ ਵੇਖੀਆਂ ਹਨ ਪਰ ਖ਼ੂਬਸੂਰਤੀ ਦਾ ਉਹ ਅਚਰਜ ਕ੍ਰਿਸ਼ਮਾ ਮੇਰੀ ਯਾਦ ਦੀ ਪਰਤ ਤੋਂ ਮੱਧਮ ਨਹੀਂ ਪਿਆ।

ਜੇਕਰ ਕੋਈ ਹੋਰ ਹੁੰਦਾ ਤਾਂ ਪਤਾ ਨਹੀਂ ਮੇਰਾ ਕੀ ਹਾਲ ਹੁੰਦਾ ਪਰ ਉਹ ਤਾਂ ਇਕ ਭੂਰੇ ਰੰਗ ਦੀ ਕੁੱਤੀ ਸੀ ਜਿਹਦੀ ਸੁਹਣੀ ਚਾਲ-ਢਾਲ ਤੇ ਚਊਂ-ਚਊਂ ਕਰਨ ਦੇ ਨਵੇਕਲੇ ਅੰਦਾਜ਼ ਤੋਂ ਅਸੀਂ ਸਾਰੇ ਮੁੰਡੇ ਹੀ ਪ੍ਰਭਾਵਤ ਸਾਂ।

ਅਤੇ ਪਤਾ ਨਹੀਂ ਸਾਡੇ ਚੋਂ ਕਿਸ ਨੇ ਉਹਨੂੰ 'ਗਲੋਰੀ' ਨਾਂ ਦੇ ਦਿਤਾ। ਓਦੋਂ ਕਿਸੇ ਨੂੰ ਪਤਾ ਨਹੀਂ ਸੀ ਕਿ ਅੰਗਰੇਜ਼ੀ ਵਿਚ 'ਗਲੋਰੀ' 'ਸ਼ੋਭਾ' ਨੂੰ ਕਿਹਾ ਜਾਂਦਾ ਹੈ।

ਮੈਨੂੰ ਚੇਤੇ ਹੈ ਉਹਦੀ ਮੌਤ ਤੇ ਸਾਰੇ ਗਲੋਰੀ-ਪਰੇਮੀਆ ਨੇ ਇਕ ਮਾਤਮੀ ਜਲਸਾ ਕੀਤਾ ਤੇ ਉਹਦੀ ਦੁਖਦਾਈ ਮੌਤ ਮਾਸਿਕ ਪੱਤਰਾਂ ਵਿਚ ਚਰਚਾ ਦਾ ਵਿਸ਼ਾ ਬਣੀ ਸੀ।

... ...

ਤਾਰੇ ਚੜ੍ਹੇ ਦਾ ਤੁਰਿਆ ਜਦੋਂ ਮੈਂ ਮੂੰਹ ਹਨੇਰੇ ਹੀ ਕਿੰਨਾ ਸਾਰਾ ਸਫਰ ਤੈ ਕਰਕੇ ਪ੍ਰਭਾਤ ਵੇਲੇ ਮਨਜ਼ਲ ਦੇ ਨੇੜੇ ਪੁਜਾ ਤਾਂ ਇਲਾਕਾ ਬੜਾ ਉਦਾਸ, ਉਜਾੜ ਤੇ ਬੂਰ ਜਿਹਾ ਲਗਾ। ਪਰ ਅਜਿਹੇ ਵਿਚ ਵੀ, ਮੇਰੇ ਸਾਹਵੇਂ ਇਕ ਅਕਹਿ ਸੁੰਦਰਤਾ ਦਾ ਦ੍ਰਿਸ਼ ਰੂਪਮਾਨ ਹੋਇਆ ਖੜਾ ਸੀ।

ਬਰਸਾਤ ਦੇ ਪਾਣੀ ਨਾਲ ਭਰੀ, ਨਿਰਮਲ ਤੇ ਪੰਘਰੀ ਚਾਂਦੀ ਵਾਂਗ ਚਮਕਦੀ ਇਕ ਵੱਡੀ ਸਾਰੀ ਛਪੜੀ ਦੇ ਪਿਛੋਕੜ ਸਾਹਵੇਂ ਉਹ ਬੜੀ ਬਾਂਕੀ ਅਦਾਅ ਨਾਲ ਖਲੋਤੀ ਸੀ। ਲਗਦਾ ਸੀ ਜਿਵੇਂ ਹੁਣੇ-ਹੁਣੇ ਇਹ ਜਲ-ਪਰੀ ਪਾਣੀ ਵਿਚ ਕਲੋਲ ਕਰਦੀ ਜਲ-ਬੂੰਦਾਂ ਸਮੇਤ ਬਾਹਰ ਆ ਗਈ ਹੋਵੇ। ਉਸਦਾ ਬੂਰਾ ਬੂਰਾ ਪਿੰਡਾ, ਹਲਕੀ ਜੇਹੀ ਪਿੰਡੇ ਤੇ ਲੂੰਈਂ! ਪੂਰੇ ਜ਼ੋਰ ਨਾਲ ਅੰਗੜਾਈ ਲੈ ਕੇ 'ਇਆ' 'ਇਆਂ' ਕਰਦੀ ਜਿਵੇਂ ਚੜ੍ਹਦੇ ਸੂਰਜ ਨਾਲ ਆਪਣੀ ਜਵਾਨੀ ਦਾ ਟਾਕਰਾ ਕਰਨ ਲਈ ਖਲੋ ਗਈ ਹੋਵੇ ਅਤੇ ਇੰਜ ਬੇਝਿਜਕ ਤੇ ਵਿਊਂ ਵਿਚ ਜਿਵੇਂ ਕਿਸੇ ਫੋਟੋਗਰਾਫ਼ਰ ਦੇ ਸਾਹਮਣੇ ਅਦਾਕਾਰਾ ਉਚੇਚੇ ਪੋਜ਼ ਵਿਚ ਡਟੀ ਹੋਵੇ।

ਅੱਸੂ ਦੇ ਮੁੱਢਲੇ ਦਿਨਾਂ ਦਾ ਸੂਰਜ ਡਰਦਿਆਂ-ਡਰਦਿਆਂ ਧਰਤੀ ਤੇ ਪੈਰ ਰਖ ਰਿਹਾ ਸੀ। ਉਹਦੀਆਂ ਲਾਲ-ਲਾਲ ਕਿਰਨਾਂ ਉਸ ਦੇ ਗਿੱਲੇ ਬਦਨ ਤੇ ਪਈਆਂ ਅਤੇ ਉਹ ਲਾਲ-ਅਗਨੀ ਦੀ ਮੂਰਤ ਜਿਹੀ ਹੋ ਚਮਕੀ।

ਉਹਦੀ ਪਤਲੀ ਬੇਖ਼ੋਫ਼ ਬੂਥੀ, ਕੈਰੀਆਂ ਜੇਹੀਆਂ ਹੋਰ ਵੀ ਲਾਲ ਹੋਈ ਅੱਖਾਂ ਤੇ ਅਜੇ ਬਸ ਨਿਕਲਣ-ਨਿਕਲਣ ਕਰਦੇ ਸਿੰਙ। ਇਕ ਸਧਾਰਨ ਪਸ਼ੂ ਤੇ ਉਹ ਵੀ ਇਕ ਝੋਟੀ!

ਜਿਹਦੀ ਬਦਸੂਰਤੀ ਤੇ ਭਾਰੀਪਨ ਨੂੰ ਅੰਦਾਜ਼ਨਾ ਹੋਵੇ ਉਹਨੂੰ ਝੋਟੀ ਨਾਲ ਤੁਲਨਾ ਦਿੰਦੇ ਹਨ ਪਰ ਏਥੇ ਤਾਂ ਇਹ ਝੋਟੀ—ਪਤਾ ਨਹੀ ਔਸਰ ਸੀ ਜਾਂ ਨਾ, ਫੰਡਰ ਸੀ ਜਾਂ ਅੰਕੂਰ ਲਈ, ਏਸ ਘੜੀ ਖ਼ੂਬਸੂਰਤੀ ਵਲੋਂ ਹੁਸਨਬਾਨੋ ਦੀ ਸੁੰਦਰਤਾ ਦਾ ਚੇਤਾ ਕਰਵਾ ਰਹੀ ਸੀ।

ਸਾਲਾਂ ਦੀਆਂ ਪਰਤਾਂ ਯਾਦ-ਪਟ ਤੇ ਚੜ੍ਹਦੀਆਂ ਤੇ ਚੜ੍ਹਦੀਆਂ ਗਈਆਂ ਹਨ, ਬਹੁਤ ਕੁਝ ਯਾਦ-ਸਲੇਟ ਤੋਂ ਉਂਜ ਵੀ ਮਿਟ ਗਿਆ ਹੈ ਪਰ ਉਹ ਸੁਹਣੀ ਬੂਰੀ ਝੋਟੀ ਮੇਰੇ ਮਸਤਕ ਦੇ ਪਟਲ ਤੇ ਇੰਜ ਜੜੀ ਖਲੋਤੀ ਏ ਜਿਵੇਂ ਮੈਂ ਉਹਦਾ ਬੁੱਤ ਬਣਾ ਕੇ ਫਰੇਮ ਕਰਵਾ ਰਖਿਆ ਹੋਵੇ।

ਹੁਣ ਵੀ ਜਦ ਕਿਤੇ ਮੈਂ, ਆਪਣੀ ਮੌਜ ਵਿਚ ਆਇਆ, ਸ਼ਤਿਅਮ-ਸ਼ਿਵਮ-ਸੁੰਦਰਮ ਦਾ ਵਰਣਨ ਕਰ ਰਿਹਾ ਹੋਵਾਂ ਮੇਰੀ ਬੂਰੀ ਝੋਟੀ (ਪਤਾ ਨਹੀਂ ਉਹ ਕਿਦ੍ਹੀ ਸੀ ਤੇ ਉਸ ਨੂੰ ਉਹਦੇ ਹੁਸਨ ਦਾ ਪਤਾ ਵੀ ਸੀ ਕਿ ਨਹੀਂ) ਉਂਜ ਦੀ ਉਂਜ ਖਲੋਤੀ ਨਜ਼ਰ ਆ ਜਾਂਦੀ ਹੈ।

... ...

ਇਹ ਗੱਲ ਵੀ ਮੇਰੇ ਵਿਦਿਆਰਥੀ ਜੀਵਨ ਦੀ ਹੈ। ਹਫਤੇਵਾਰੀ ਛੁੱਟੀ ਦੇ ਦਿਹਾੜੇ ਆਪਣੇ ਛੇਆਂ ਦਿਨਾਂ ਦੇ—ਛੇਵੇਂ ਸੂਟ ਤੇ ਹੋਰ ਕਪੜੇ ਧੋਣ ਲਈ, ਕੜ੍ਹੇ ਹੋਏ ਸਾਬਣ ਵਿਚ ਪਾ, ਇਕ ਥਾਪੀ ਨਾਲ ਹੇਠਾਂ-ਉਤ੍ਹਾਂ ਕਰ ਰਿਹਾ ਸਾਂ ਕਿ ਅਚਾਨਕ ਮੇਰੇ ਪਾਸੇ ਦੀ ਇਕ ਚਾਨਣ ਜਿਹਾ ਲੰਘ ਗਿਆ—ਅਜਿਹਾ ਕਿ ਮੈਂ ਆਪਣੇ ਕੰਮ ਵਿਚੋਂ ਧਿਆਨ ਉਤਾਂਹ ਚੁਕ ਕੇ ਵੇਖਣ ਨੂੰ ਮਜਬੂਰ ਹੋ ਗਿਆ।

ਫ਼ਰੰਟੀਅਰ ਦੇ ਇਲਾਕੇ ਜਾਂ ਅਫਗਾਨਿਸਤਾਨ ਵਲੋਂ ਆਇਆ ਕੋਈ ਹਿੰਦੂ ਪਠਾਣ ਆਪਣੀ ਪਤਨੀ ਨਾਲ ਮੇਰੇ ਕੋਲ ਦੀ ਗੁਜ਼ਰ ਰਿਹਾ ਸੀ।

ਮੇਰੀਆਂ ਨਜ਼ਰਾਂ ਉਸ ਗੋਰ-ਅੰਗੀ ਨਾਲ ਜਾ ਟਕਰਾਈਆਂ। ਉਸਦਾ ਕੱਦ ਭਾਵੇਂ ਪਠਾਣ ਜਿਡਾ ਉੱਚਾ-ਲੰਮਾ ਨਹੀਂ ਸੀ ਪਰ ਉਹਦੇ ਮੂੰਹ ਦੀ ਬਣਤਰ ਕਸ਼ਮੀਰੀ ਸੇਉਆਂ ਦਾ ਚੇਤਾ ਕਰਵਾਂਦੀ ਸੀ: ਮਸਤਕ ਵਿਸ਼ਾਲ, ਦੋਵੇਂ ਗੱਲ੍ਹਾਂ ਆਪਣੇ ਉਭਾਰਾਂ ਤੋਂ ਲਾਲ-ਲਾਲ ਤੇ ਸੰਕੋਚ ਮਈ ਟੋਏਦਾਰ ਠੋਡੀ।

ਬਸ ਇਕ ਝਲਕ ਮਾਤਰ ਹੀ ਸੀ। ਮੈਂ ਭਾਵੇਂ ਰਸੀਆ ਤਾਂ ਨਹੀਂ ਸਾਂ ਤੇ ਨਾ ਹੀ ਮੇਰੇ ਅੰਦਰ ਕਾਮਨਾਵਾਂ ਦਾ ਵੇਗ ਉਠਿਆ ਜਾਂ ਹੜ੍ਹਿਆ—ਬਸ ਏਨਾ ਹੀ ਪਤਾ ਹੈ ਕਿ ਸਹਿਜ ਭਾਅ ਮੇਰੇ ਮੂੰਹੋਂ ਨਿਕਲ ਗਿਆ: ਆਹਾ, ਕ੍ਰਿਆ ਰੂਪ ਹੈ।

ਬਹੁਤ ਚੰਗੀ ਗੱਲ ਇਹ ਹੋਈ ਕਿ ਮੇਰੇ ਸ਼ਬਦ ਕਿਸੇ

ਨੇ ਨਹੀਂ ਸੁਣੇ ਨਹੀਂ ਤਾਂ ਸਕੂਲ ਦੀ ਮਰਿਆਦਾ ਅਨੁਸਾਰ ਮੇਰੇ ਖਿਲਾਫ਼ ਕੇਸ ਦਰਜ ਹੋ ਜਾਣਾ ਸੀ।

... ...

ਉਸ ਦਿਨ ਭਰੀ ਸਭਾ ਵਿਚ ਬੈਠਿਆਂ ਮੇਰਾ ਧਿਆਨ ਬਾਰ ਬਾਰ ਔਰਤਾਂ ਵਲ ਜਾਵੇ। ਬਹੁਤ ਰੋਕਿਆ ਪਰ ਮੈਨੂੰ ਪਤਾ ਹੀ ਓਦੋਂ ਲਗੇ ਜਦੋਂ ਮੇਰੀ ਨਜ਼ਰ ਉਥੇ ਹੀ ਜਾ ਟਿਕੇ ਜਿਥੋਂ ਮੈਂ ਰੋਕਦਾ ਸਾਂ। ਤੀਵੀਆਂ ਵਿਚ ਇਕ ਸਭ ਤੋਂ ਉਚੀ ਲਗਦੀ ਮੁਟਿਆਰ ਬੈਠੀ ਸੀ। ਉਹਦੇ ਚਿਹਰੇ ਦੀ ਛਬ ਸਭ ਤੋਂ ਨਵੇਕਲੀ, ਆਕਰਸ਼ਤ ਤੇ ਮਨ-ਮੱਲਵੀਂ। ਚਿਹਰੇ ਦਾ ਸਾਵਾਂਪਣ, ਨੈਣ ਮੋਟੇ, ਨਕਸ਼ ਪਤਲੇ, ਰੰਗ ਗੋਰਾ ਤੇ ਮੁਖੜਾ ਏਨਾ ਲਾਲ ਕਿ ਜਾਪੇ ਲੰਮੀ ਚਿਮਨੀ ਵਲੀ ਲਾਲਟੈਣ ਜਗ ਰਹੀ ਹੈ। ਮੈਨੂੰ ਨਹੀਂ ਪਤਾ ਕਿ ਇਸ ਜਾਦੂ ਦਾ ਅਸਰ ਮੇਰੇ ਤੇ ਹੀ ਹੋਇਆ ਕਿ ਕੋਈ ਹੋਰ ਵੀ ਉਹਦਾ ਸ਼ਿਕਾਰ ਸੀ।

ਉਹ ਮੁਟਿਆਰ ਮੂੰਹ ਧਿਆਨੇ ਬੈਠੀ ਹੋਈ ਸੀ। ਸਭਾ ਭਵਨ ਵਿਚ ਹੁੰਦੀ ਚਰਚਾ ਵਿਚ ਸ਼ਾਇਦ ਗੁਆਚੀ ਹੋਵੇ ਪਰ ਮੈਂ ਸਾਂ ਕਿ ਅੱਖਾਂ ਉਸ ਪ੍ਰਿਯ ਮੁਖ ਤੋਂ ਚੁਕਣ ਵਲੋਂ ਅਸਮਰਥ ਸਾਂ। ਮੱਲੀ ਹੋਈ ਸਤਿਕਾਰ ਮਈ ਜਗਹ ਤੇ ਨੇੜੇ ਬੈਠੇ ਆਦਰ ਯੋਗ ਬਜ਼ੁਰਗਾਂ ਦਾ ਖਿਆਲ ਕਰਦਿਆਂ ਓਧਰ ਵੇਖਣਾ ਬਣਦਾ ਨਹੀਂ ਸੀ।

ਇਹ ਕਸ਼ਮਕਸ਼ ਕੋਈ ਪੌਣਾ ਘੰਟਾ ਚਲਦੀ ਰਹੀ।

ਰੂਪ ਦਾ ਏਨਾ ਫਰਵਾਂ-ਤੁਲਵਾਂ ਮੇਲ ਯਾਦ ਨਹੀਂ ਫੇਰ ਵੀ ਕਿਤੇ ਨਜ਼ਰ ਪਿਆ ਹੋਵੇ!

ਸ਼ਾਇਦ ਮੇਰੀ ਅੰਤਰ-ਖਿੱਚ ਤੋਂ ਪ੍ਰਭਾਵਤ ਹੋਈ ਜਾਂ ਕਿਵੇਂ, ਉਹ ਘਾਇਲ ਕਰ ਕਰ ਸੁੱਟਣ ਵਾਲੀ ਚਾਲ ਚਲਦੀ ਸਾਡੇ ਘਰ ਆ ਪਹੁੰਚੀ। ਮੇਰੀ ਹਾਲਤ ਅਸਲੋਂ ਉਸ ਸ਼ਾਇਰ ਵਾਲੀ ਹੋ ਗਈ ਜਿਸ ਨੇ ਕਿਹਾ ਸੀ:

ਵੁਹ ਆਏਂ ਘਰ ਹਮਾਰੇ, ਖ਼ੁਦਾ ਕੀ ਕੁਦਰੱਤ ਹੈ,
ਕਭੀ ਹਮ ਉਨਕੋ ਕਭੀ ਅਪਨੇ ਘਰ ਕੋ ਦੇਖਤੇ ਹੈਂ।

(ਅਗਲੀ ਗੱਲ ਮੇਰੇ ਇਸ ਵਿਸ਼ੇ ਨਾਲ ਸੰਬੰਧਤ ਨਹੀਂ ਕਿਉਂਕਿ ਜਿਉਂ ਹੀ ਉਹ ਗੱਲ ਕਰਨ ਲਗੀ ਉਹਦੇ ਦੰਦਾਂ ਦੀ ਮਲੀਣਤਾ, ਬੇ ਤਰਤੀਬੀ ਤੇ ਇਕ ਆਪਣੀ ਹੀ ਕਿਸਮ ਦੇ ਕੋਝ ਨੇ ਉਹ ਜਗਦੀ ਲਾਲਟੈਣ ਮੇਰੇ ਲਈ ਬੁਝਾ ਦਿਤੀ।)

... ...

ਤੇ ਜਦੋਂ ਪੰਜਾਬ ਦੀ ਅਜੋਕੀ 'ਮਾਰਕਸੀ' ਪਾਰਟੀ ਦੇ ਲੀਡਰ ਕਾਮਰੇਡ ਸੁਰਜੀਤ ਨੇ ਫਰੇਮ ਹੋਈ ਉਹ ਫੋਟੋ ਮੇਰੇ ਕਮਰੇ ਵਿਚ ਵੇਖੀ ਤਾਂ ਸੁਭਾਵਕ ਉਤਸੁਕਤਾ ਅਤੇ ਉਦਾਰਤਾ ਨਾਲ ਬੋਲੇ; "ਸਗੋਂ ਇਹ ਬੀਲੱਵਡ ਹੈ?"

ਪਤਾ ਨਹੀਂ ਕਿਉਂ ਲੀਡਰ ਪ੍ਰਤੀ ਆਪਣੇ ਵਤੀਰੇ ਵਿਚ ਸੁਭਾਵਕ ਆਦਰ ਨਾ ਰਖ ਕੇ, ਥੋੜੀ ਜਿਹੀ ਸ਼ਰਾਰਤ ਅੰਦਰ ਲਿਆ, ਆਖ ਬੈਠਾ: "ਹਾਂ!"

ਲੀਡਰ ਨੂੰ ਪਤਾ ਸੀ ਕਿ ਮੈਂ ਆਪਣੀ ਪਤਨੀ ਦੁਆਰਾ ਚਾਰ ਬੱਚਿਆਂ ਦਾ ਪਿਤਾ ਸਾਂ ਪਰ ਉਹਨਾਂ ਗੱਲ ਦਾ ਵਿਸਥਾਰ ਜਾਣਨ ਲਈ ਸ਼ਾਇਦ, ਹੋਰ ਪੁਛਿਆ:

"ਕਿਥੋਂ ਦੀ ਐ?"

'ਮਾਸਕੋ ਦੀ!"

"ਮਾਸਕੋ ਦੀ? ਇਹਦੇ ਨਾਲ ਕਿਵੇਂ ਗੱਲ ਬਣ ਗਈ?"

"ਐਵੇਂ ਇਕ ਦਿਨ ਗਲੀ ਵਿਚ ਰੁਲਦਿਆਂ ਨਜ਼ਰ ਪੈ ਗਈ ਤੇ ਇਹ ਏਨੀ ਚੰਗੀ ਲਗੀ ਕਿ ਫ਼ਰੇਮ ਕਰਵਾ ਲਈ।"

ਉਸ ਨਰਤਕੀ ਦੇ ਮੁਖੜੇ ਤੇ ਡਾਢੀ ਸੰਤੁਸ਼ਟਤਾ, ਸੁੰਦਰਤਾ ਤੇ ਸ਼ੋਭਾ ਡਲ੍ਹਕਦੀ ਸੀ।

ਪਤਾ ਨਹੀਂ ਕਿਸੇ ਪੱਤਰ ਵਿਚ ਉਹ ਕਦੋਂ ਦੀ ਛਪੀ ਹੋਈ, ਕਿੰਨਾ ਚਿਰ ਕਿਸੇ ਵਿਕਰੇਤਾ ਦੇ ਸਾਮਾਨ ਦੀ ਪੁੜੀ ਵਿਚ ਮੁਰੰਡੀ ਰਹੀ ਤੇ ਕਿਵੇਂ ਉਹ ਗਲੀ ਦੇ ਕੱਖਾਂ ਨਾਲ ਹੇਠਾਂ ਉਤੇ ਹੁੰਦੀ ਏਨੀ ਸਾਫ ਸੁਥਰੀ ਹੋ ਗਈ ਕਿ ਮੇਰੀ ਪਹਿਲੀ ਨਜ਼ਰ ਨੇ ਉਸ ਨੂੰ ਰੂਪ ਰਾਣੀ ਮਿੱਥ ਕੇ ਮਸਤਕ ਨੂੰ ਫੌਰਨ ਸੂਚਤ ਕੀਤਾ: ਸ਼ੈ ਕੰਮ ਦੀ ਹੈ। ਉਸਦੇ ਤੁਰਤ ਫੈਸਲੇ ਬਾਦ ਹੱਥਾਂ ਨੇ ਨਾ ਸਿਰਫ ਸਕਿੰਟਾਂ ਵਿਚ ਉਸ ਨੂੰ ਉਠਾ ਲਿਆ ਸਗੋਂ ਆਮ ਅੱਖਾਂ ਤੋਂ ਉਹਲੇ ਰਖਕੇ ਉਸ ਨੂੰ ਸ਼ੀਸ਼ੇ ਵਿਚ ਜੜਾ ਕਮਰੇ ਦੀ ਰੌਣਕ ਵਿਚ ਬਦਲ ਦਿਤਾ। ਮੇਰੇ ਮਸਤਕ ਦੇ ਫਰੇਮ ਵਿਚ ਉਹ ਅਜੇ ਤਕ ਨਿਰਤ ਦੀ ਮੁੱਦਰਾ ਵਿਚ ਜਿਉਂ ਦੀ ਤਿਉਂ ਪੈਰ ਪਟਕ ਰਹੀ ਹੈ।

... ...

ਇਹ ਗੱਲ ਨਿਪਟ ਬਚਪਨ ਦੀ ਹੈ। ਆਪਣੀ ਮਾਂ ਦੀ ਚੀਚੀ ਉਂਗਲੀ ਫੜ ਕੇ ਉਹਦੇ ਨਾਲ ਨਿਕੇ ਨਿਕੇ ਕਦਮ, ਪਰ ਦੂਣੀ ਰਫ਼ਤਾਰ ਵਿਚ ਪੁਟਦਾ, ਭੱਠੀ ਤੇ ਦਾਣੇ ਭੁਨਾਣ ਜਾਂਦਾ ਹੁੰਦਾ ਸਾਂ। ਕਿਆ ਦਿਨ ਸਨ! ਅੰਞਾਣੀ ਉਮਰ ਦੇ ਆਪਣੇ ਦੁਖ ਸੁਖ ਹਨ। ਅਤੇ ਮੈਨੂੰ ਇਕ ਏਨਾ ਵੱਡਾ ਸੁਖ

ਏਸ ਉਮਰ ਵਿਚ ਹੀ ਲੜ ਪਿਆ ਕਿ ਅੱਜ ਵੀ ਮੈਂ ਉਹਦਾ ਸਆਦ ਸਜੀਵ ਰਖਿਆ ਹੋਇਆ ਹੈ।

ਉਹਦੀ ਭੱਠੀ ਤੇ ਲਉਢੇ ਪਹਿਰੇਂ ਹੀ ਭੀੜਾਂ ਜੁੜ ਜਾਂਦੀਆਂ। ਉਦੋਂ ਤਾਂ ਮੈਨੂੰ ਸਿਰਫ਼ ਏਨਾ ਹੀ ਪਤਾ ਲਗਦਾ ਕਿ ਉਹਦੇ ਭੱਠੀ ਤੇ ਆਉਣ ਨਾਲ ਸਾਰੇ ਨਿਆਣਿਆਂ-ਸਿਆਣਿਆ ਵਿਚ ਇਕ ਕੌਤੂਹਲ ਜਾਗ ਉਠਦਾ ਤੇ ਸਭੇ ਅਖਾਂ ਉਹਦੇ ਤੇ ਲਗੀਆਂ ਹੁੰਦੀਆਂ ਜਿਸਨੇ ਹੁਣੇ ਵਾਰੋ ਵਾਰ ਦਾਣੇ ਭੁੰਨ ਭੁੰਨ ਚੁੰਗਾਂ ਵਿਦਾ ਕਰੀ ਜਾਣੀਆਂ ਸਨ।

ਉਹ ਬਿਨਾਂ ਘੱਟਾ ਉਡਾਣ ਤੋਂ, ਸਭਨਾਂ ਦੀਆਂ ਨਜ਼ਰਾਂ ਦੀ ਮਿੱਠੀ ਜਿਹੀ ਪੜਤਾਲ ਹੇਠ, ਇਕ ਗੁੱਛੂ ਮੁੱਛੂ ਕੀਤੇ ਕਪੜੇ ਨਾਲ ਲਿੰਬੀ ਪੋਚੀ ਭੱਠੀ ਦੇ ਦੁਆਲੇ ਨੂੰ ਵਿਸ਼ੇਸ਼ ਚੌਕੋਰ ਢੰਗ ਨਾਲ ਸਾਫ਼ ਕਰਦੀ। ਆਪਣੇ ਬੈਠਣ ਲਈ ਇਕ ਸੁਥਰੀ, ਦੂਹਰੀ ਕੀਤੀ ਬੋਰੀ ਵਿਛਾਂਦੀ ਅਤੇ ਫਿਰ ਨਰਮ ਨਰਮ ਤੇ ਫਬਦੀ ਜਿਹੀ ਜੁੱਤੀ ਵਿਚੋਂ ਸਹਿਜ ਨਾਲ, ਲੁਸ-ਲੁਸ ਕਰਦੇ ਪੈਰ ਕਢਕੇ, ਬੋਰੀ ਤੇ ਇਕ ਨਵੇਕਲੇ ਜਿਹੇ ਅੰਦਾਜ਼ ਨਾਲ ਬੈਠ ਜਾਂਦੀ। ਅੱਗ ਬਲਦੀ, ਰੇਤ ਗਰਮ ਹੁੰਦੀ ਤੇ ਮੱਕੀ ਭੱਠੀ ਵਿਚ ਪੈਂਦਿਆਂ ਹੀ ਹੱਸ-ਹੱਸ ਕਮਲੀ ਹੋਈ ਜਾਂਦੀ। ਜੇਕਰ ਛੋਲੇ ਭੁੱਜਣ ਆ ਜਾਂਦੇ ਤਾਂ ਭਰਿੰਡਾਂ ਦੇ ਪਿੱਛੇ ਵਾਂਗ ਖਿੱਲਾਂ ਬਣ ਬਣ ਵੇਖਣ ਵਾਲਿਆਂ ਦੀਆਂ ਰਾਲਾਂ ਟਪਕਾ ਦਿੰਦੇ। ਭੱਠੀ ਦੁਆਲੇ ਭੁੱਜੇ ਦਾਣਿਆਂ ਦੀ ਲਲਚਾਂਵੀਂ ਜਿਹੀ ਮਹਿਕ ਛਾਈ ਰਹਿੰਦੀ।

ਭੱਠੀ ਵਾਲੀ ਦੀ ਹਰ ਕਰਨੀ ਵਿਚ ਇਕ ਸੁਆਦ ਸੀ ਜੋ ਸੁਹਜ ਲੋਚਦੇ ਮਨਾਂ ਵਿਚ ਕਦਰ ਜਗਾਈ ਜਾਂਦਾ। ਕਦੇ ਕਦੇ ਗੱਲਾਂ ਸੁਣਦਾ: ਇਹਦੀਆਂ ਤਾਂ ਪੱਖੀਆਂ ਨੂੰ ਵੀ ਚਾਂਦੀ ਦੀਆਂ ਘੁੰਗਰਾਂ ਲਗੀਆਂ ਹੋਈਆਂ ਹਨ......ਕੋਈ ਰਾਣੀ ਲਗਦੀ ਐ ਪਿਛਲੇ ਜਨਮ ਦੀ, ਸੰਤੂ ਦੇ ਭਾਗਾਂ ਨੂੰ ਉਸ ਨਾਲ ਵਿਆਹੀ ਗਈ।...

ਉਹਦੇ ਗਲ ਪਏ, ਬਣਦੇ ਫਬਦੇ ਢੰਗ ਨਾਲ ਸੀਤੇ ਹੋਏ ਸਾਦਾ ਜਿਹੇ ਕਪੜੇ ਹੀ ਫੁਟ ਫੁਟ ਪੈਂਦੇ। ਮੈਂ ਤਾਂ ਅੰਵਾਣੀ ਉਮਰੇ ਹੀ ਉਸਦੇ ਪੈਰ, ਭਰਤ ਦੇ ਰਾਮ-ਖੜਾਵਾਂ ਨੂੰ ਸੰਭਾਲਣ-ਪੂਜਣ ਵਾਂਗ ਮਸਤਕ ਦੀ ਯਾਦ-ਸ਼ਾਲਾ ਵਿਚ ਸੰਭਾਲ ਰਖੇ ਹਨ। ਅਜੇ ਵੀ ਉਹਦੀਆਂ ਬੇ-ਤਰੇੜ ਅੱਡੀਆਂ ਤੇ ਕੂਲੀਆਂ-ਕੂਲੀਆਂ ਤਲੀਆਂ ਦੀ ਤਾਜ਼ਗੀ, ਲੰਮੇ-ਲੰਮੇ ਪੈਰ-ਅੰਗੂਠੇ ਤੇ ਪਤਲੀਆਂ ਫਲੀਆਂ ਵਰਗੀਆਂ ਉਂਗਲਾਂ ਮੇਰੇ ਜ਼ਿਹਨ ਵਿਚ ਸੁਰਖਿਅਤ ਹਨ।

ਜਦ ਵੀ ਕਿਸੇ ਇਸਤਰੀ ਦੇ ਤੇ ਫਿਰ ਵਧੀਆ ਇਸਦੀ ਇਸਤਰੀ ਦੇ ਦਰਸ਼ਨ ਹੁੰਦੇ ਹਨ, ਮੁੱਖੜੇ ਤੋਂ ਬਾਅਦ ਪੈਰਾਂ ਅਤੇ ਖਾਸ ਕਰ ਅੱਡੀਆਂ ਵਲ ਧਿਆਨ ਜਾਂਦਾ ਹੈ। ਪਰ ਕਿਥੇ! ਉਹ ਗੱਲ ਬਹੁਤ ਵਿਰਲੀ ਟਾਵੀਂ!

ਅਜਿਹੇ ਦਰਸ਼ਨ ਤਾਂ ਆਮ ਹੁੰਦੇ ਹਨ ਕਿ ਮੂੰਹ ਮੱਥਾ ਸਵਾਰਨ, ਪਾਊਡਰ ਪੋਚਣ, ਬੁਲ੍ਹ ਰੰਗਣ ਤੇ ਕਾਫ਼ੀ ਵਕਤ ਦਿਤਾ ਗਿਆ, ਕਪੜਿਆਂ-ਸਾਹੜੀਆਂ ਦੀ ਚੋਣ ਤੇ ਵੀ ਧਿਆਨ ਲਗਾ ਪਰ ਜਦੋਂ ਅੱਡੀਆਂ ਵਲ ਨਜ਼ਰ ਜਾਂਦੀ ਹੈ ਤਾਂ ਬਿਆਈਆਂ ਭਰੀਆਂ ਤੇ ਨਾ-ਸਾਫ਼ ਜੇਹੀਆਂ। ਕਈ ਵਾਰ ਤਾਂ ਇਹ ਚਪਲਾਂ-ਸੈਂਡਲਾਂ ਦੀ ਸ਼ੋਭਾ ਵੀ ਘਟਾਂਦੀਆਂ ਲਗਦੀਆਂ ਹਨ ਅਤੇ ਹਰ ਵਾਰ ਮੈਨੂੰ ਆਪਣੀ ਉਹ ਮਹਿਰੀ ਯਾਦ ਆਉਂਦੀ ਹੈ, ਜਿਸ ਨੂੰ ਅੱਜ ਤੋਂ ਅੱਸੀ ਸਾਲ ਪਹਿਲਾਂ ਪਤਾ ਨਹੀਂ ਕਿਸ ਨੇ ਜਾਚ ਸਿਖਾ ਛੱਡੀ ਸੀ।

... ...

ਗੋਜਰੇ (ਜ਼ਿਲਾ ਲਾਇਲਪੁਰ-ਪਾਕਿਸਤਾਨ) ਇਕ ਮਿਤਰ ਦੇ ਘਰ ਕੋਈ ਸਿਆਸੀ ਮੀਟਿੰਗ ਸੀ। ਸਾਰਾ ਧਿਆਨ ਦਹਿਲੀਜ਼ਾਂ ਵਿਚ ਆ ਖਲੋਤੀ ਇਕ ਛੇ-ਸੱਤ ਸਾਲਾਂ ਦੀ ਕੁੜੀ ਨੇ ਉਚਕਾ ਦਿਤਾ। ਗੁਲਾਬੀ ਜੇਹੀ ਸਫੈਦ ਫ਼ਰਾਕ ਵਿਚ ਉਹ ਸਾਖਿਆਤ ਸੁੰਦਰਤਾ ਲਗੀ। ਪ੍ਰਸੰਨ ਤੇ ਚੰਚਲ, ਸ਼ੋਖ ਤੇ ਮੁਸਕਾਂਦੀਆਂ ਵੱਡੀਆਂ-ਵੱਡੀਆਂ ਝਿੰਮਣੀਆਂ ਵਾਲੀਆਂ ਅੱਖਾਂ ਸਾਰੇ ਮੁਖ ਮੰਡਲ ਨੂੰ ਇਕ ਸ਼ਾਹੀ ਸ਼ਾਨ ਬਖ਼ਸ਼ ਰਹੀਆਂ ਸਨ। ਪਰ ਜਦੋਂ ਉਸ ਫੁੱਲ-ਕੁੜੀ ਨੇ ਅਪਣੇ ਵਡੇ ਵੀਰ ਨੂੰ ਇਸ਼ਾਰਾ ਕੀਤਾ ਤਾਂ ਉਹਦੇ ਅੰਦਾਜ਼ ਨੇ ਸਭ ਨੂੰ ਮੋਹ ਲਿਆ। ਉਂਗਲਾਂ ਦਾ ਬੱਤਖ਼-ਮੁਖ ਦਾ ਰੂਪ ਧਾਰਨਾ, ਕੰਵਲ-ਪੱਤੀਆਂ ਵਾਂਗ ਖਿਲਰਨਾ, ਹਰ ਹਰਕਤ ਵਿਚ ਖ਼ੂਬਸੂਰਤੀ ਦਾ ਲੋਹੜਾ ਅਤੇ ਸਾਰੇ ਬਾਜ਼ੂ ਦਾ—ਜਿਵੇਂ ਨਦੀ ਜਲ ਦੀ ਲਹਿਰ ਹੇਠੋਂ ਉਤਾਂਹ ਨੂੰ ਜਾ ਰਹੀ ਹੋਵੇ—ਲਹਿਰ-ਲਹਿਰ ਹੋ ਜਾਣਾ ਅਨੂਪਮ ਸੁੰਦਰਤਾ ਸਿਰਜ ਰਿਹਾ ਸੀ।

ਕੁੜੀ ਦੇ ਜਾਦੂ ਹੁਸਨ ਨੇ ਇਕ ਘੜੀ ਸਾਰਿਆਂ ਨੂੰ ਚੁੱਪ ਕਰਾ ਦਿਤਾ ਤੇ ਮੁੱਠ ਲਿਆ।

ਉਹਦੇ ਤੁਰ ਜਾਣ ਬਾਅਦ ਮੈਂ ਤਾਂ ਏਸੇ ਗੇੜ ਵਿਚ

ਪਿਆ ਰਿਹਾ ਕਿ ਇਹਦੀ ਜਵਾਨੀ ਤੇ ਹੁਸਨ ਦਾ ਸਾਹਮਣਾ ਕੌਣ ਕਰ ਸਕੂ ?

... ...

ਬਨਾਰਸ ਵਿਚ, ਭਾਰਤ ਦੇ ਸਿਰਮੌਰ ਤਬਲਾ ਵਾਦਕ ਕ੍ਰਿਸ਼ਨ ਮਹਾਰਾਜ ਦੇ ਘਰ ਬੈਠਿਆਂ, ਜਦੋਂ ਉਸ ਬੂਹੇ ਕੋਲ ਖਲੋਕੇ ਸਾਨੂੰ ਪੰਜਾਬੀਆਂ ਵਾਂਗ ਸਤਿ ਸ੍ਰੀ ਅਕਾਲ ਆਖੀ (ਪਿਛੋਂ ਪਤਾ ਲਗਾ ਉਹ ਜੰਮੂ ਦਾ ਜੰਮ ਪਲ ਹੈ) ਅਤੇ ਨਮਰਤਾ ਸਹਿਤ ਕੋਲੋਂ ਦੀ ਲੰਘ ਗਿਆ ਤਾਂ ਉਹਦਾ ਪ੍ਰਭਾਵ ਏਨਾ ਕੁ ਹੀ ਸੀ ਕਿ ਉਹ ਪੱਚੀ-ਤੀਹ ਸਾਲ ਦਾ, ਸੁਹਣੇ ਮਹਾਂਦਰੇ ਵਾਲਾ ਗੋਰਾ ਨਿਛੋਹ ਮੁੰਡਾ-ਖੁੰਡਾ ਹੈ ਜੋ ਕ੍ਰਿਸ਼ਨ ਮਹਾਰਾਜ ਦੀ ਸ਼ਾਗਿਰਦੀ ਪ੍ਰਾਪਤ ਹੋਣ ਕਰਕੇ ਉਨ੍ਹਾਂ ਨਾਲ ਘਰੋਗਾ ਤਅਲਕ ਰਖਦਾ ਹੈ ।

ਪਰ ਜਦੋਂ ਉਸੇ ਰਾਤ, ਇਕ ਵਿਸ਼ੇਸ਼ ਸਭਾ ਵਿਚ ਉਸ ਨੇ ਕਸ਼ਮੀਰੀ ਤੰਤੂ ਸਾਜ਼, ਸੰਤੂਰ ਤੇ ਆਪਣੇ ਕਮਾਲ ਵਖਾਏ ਤਾਂ ਉਹ ਆਪਣੇ ਕੱਦ-ਬੁੱਤ ਨਾਲੋਂ ਬਹੁਤ ਵੱਡਾ ਹੋ ਨਿਕਲਿਆ ।

ਸਵਾ ਡੇਢ ਫੁਟ ਚਪਟੇ ਅਕਾਰ ਦੇ ਇਸ ਤਾਰਾਂ ਵਾਲੇ ਸਾਜ਼ ਨੂੰ ਸੁਰ ਕਰਕੇ ਜਦੋਂ ਉਸ ਅਰੰਭ ਕਰਨ ਲਈ, ਸਿਰ ਝੁਕਾ, ਥੋੜਾ ਕੁ ਮੁਸਕਰਾ, ਆਗਿਆ ਮੰਗਦੀਆਂ ਅੱਖੀਆਂ ਨਾਲ ਗੁਣੀ ਜਨਾਂ ਤੋਂ ਪਰਵਾਨਗੀ ਲਈ ਤਾਂ ਰਾਗੇਸ਼ਵਰੀ ਦੀਆਂ ਸੁਰਾਂ ਉਪਜਾਂਦੀਆਂ ਉਹਦੀਆਂ ਸੂਖਮ ਕਲਮਾਂ ਸੰਤੂਰ ਤੇ ਇੰਜ ਨਿਰਤ ਕਰਨ ਲਗੀਆਂ ਜਿਵੇਂ ਜਲ-ਪਰੀਆਂ ਕਿੱਕਲੀ-ਕਲੀਰ ਦੀਆਂ ਭੁੰਮਰਾਂ ਕਢ ਰਹੀਆਂ ਹੋਣ ।

ਸ਼ਹਿਦ ਭਿਜੀਆਂ ਸੁਰਾਂ ਕੰਨਾਂ ਵਿਚ ਦੀ ਲੰਘ ਧੁਰ ਹਿਰਦੇ ਵਿਚ ਪਹੁੰਚਦੀਆਂ ਜਾ ਰਹੀਆਂ ਸਨ ਤੇ ਮਸਤਕ ਦੀ ਸੂਝ ਸਮਝ ਇਕ ਨੁਕਤੇ ਵਿਚ ਸਿਮਟੀ, ਹਿਰਦੇ ਦੇ ਹਥ ਸਭ ਕੁਝ ਦੇ-ਦੁਆ ਜਿਵੇ ਸੁਰਾਂ ਦੀ ਥਰਥਰਾਹਟ ਤੇ ਥਿਰਕਦੀ ਸਾ ਰੇ ਗਾ ਮਾ ਪਾ ਦੀਆਂ ਅਨੰਤ ਵਾਦੀਆਂ ਵਿਚ ਦਾਖ਼ਲ ਹੋ ਗਈ ਹੋਵੇ ।

ਹੁਣ ਸਾਨੂੰ ਜੁਆਨ ਸਾਜ਼ਿੰਦੇ ਦਾ ਨਾ ਹੁਸਨ ਦਿਸਦਾ ਸੀ ਨਾ ਆਕਾਰ, ਨਾ ਪਤਾ ਲਗਦਾ ਸੀ ਅਸੀਂ ਕਿੰਨੇ ਸਰੋਤੇ ਉਹਦੀ ਮਹਿਫਲ ਦਾ ਸ਼ਿੰਗਾਰ ਹਾਂ, ਸਾਡੇ ਸਤਨਾਂ ਉਤੇ ਜਿਵੇਂ ਕੋਈ ਧੁੰਧ ਜੇਹੀ ਪ੍ਰਤੀਤ ਗਈ ਹੋਵੇ । ਪਰ ਸਾਨੂੰ ਸੰਤੂਰਵਾਦਕ ਦੀਆਂ ਕਲਮਾਂ ਆਪਣੇ ਰਸ ਸਿਰਜਦੇ ਵੇਗ ਨਾਲ ਧੁਨੀ ਤਰੰਗਾਂ ਦੁਆਰਾ ਕਦੇ ਕਲੇਜੇ ਨੂੰ ਧੂਹ ਪਾ ਦਿੰਦੀਆਂ, ਕਦੇ ਤੜਪਾ ਦਿੰਦੀਆਂ, ਕਦੇ ਝਕਝੋਰ ਛਡਦੀਆਂ ਤੇ ਕਈ ਵਾਰ ਤਾਂ ਇੰਜ ਕਰ ਛਡਦੀਆਂ ਜਿਵੇਂ ਅਸੀਂ ਅਨੰਤ ਉਚਾਈਆਂ ਤੋਂ ਹਿਠਾਂਹ ਤਿਲਕਦੇ ਆ ਰਹੇ ਹਾਂ ਤੇ ਫੇਰ ਕਦੇ ਇਕੋ ਹਿਲੋਰ ਨਾਲ ਹੇਠੋਂ ਉਤਾਂਹ ਉਪਰਲੀਆਂ ਚੋਟੀਆਂ ਤੇ ਪਹੁੰਚ ਜਾਂਦੇ ਹਾਂ ।

ਕੋਈ ਡੇਢ ਘੰਟਾ ਸ਼ਿਵ ਕੁਮਾਰ ਦੇ ਸੰਤੂਰ ਵਾਦਨ ਨੇ ਸਾਨੂੰ ਦੁਨਿਆਵੀ ਵਾਸਤਵਿਕਤਾ ਤੋਂ ਉਪਰ ਉਠਾਈ ਰਖਿਆ । ਸਵਾ ਡੇਢ ਫੁਟ ਚਪਟੇ ਸਾਜ਼ ਦੀਆਂ ਤਿੰਨਾਂ ਸਪਤਕਾਂ ਤੇ ਐਸੀ ਸੁਰ-ਲੀਲ੍ਹਾ ਰਚੀ ਗਈ ਕਿ ਸਮਾਪਤੀ ਸਮੇਂ ਇੰਜ ਲਗਾ ਜਿਵੇਂ ਅਰਸ਼-ਕੁਰਸ਼, ਅਤਲ ਪਤਾਲ ਆਦਿ ਦੂਜੀਆਂ ਦੁਨੀਆਵਾਂ ਦੀ ਯਾਤਰਾ ਕਰ ਆਏ ਹੋਵੀਏ । ਝਾਲੇ, ਤੋੜੇ, ਮੁਰਕੀਆਂ, ਗਤਾਂ, ਵਿਲੰਬਤ, ਦਰੁਤ ਸੰਗੀਤ ਦੀਆਂ ਸੁਰਾਂ ਤੇ ਲੈਆਂ ਬਾਰੇ ਘੋਖਵਾਂ ਗਿਆਨ ਤਾਂ ਸ਼ਾਸਤਰੀ ਗਾਇਨ ਦੇ ਪੰਡਿਤ ਹੀ ਜਾਣਨ ਅਸੀਂ ਤਾਂ ਜਿਸ ਸਵਰ-ਮੰਡਲ ਵਿਚ ਵਿਚਰਦੇ ਰਹੇ ਉਸ ਨੇ ਸਾਡੇ ਬੁਤਾਂ ਚੋਂ ਰੂਹ ਨੂੰ ਨਿਖੇੜ ਕੇ ਇਕ ਅਚਰਜ ਦੁਨੀਆਂ ਦਿਖਾ ਦਿਤੀ; ਸੰਗੀਤ ਦੀ ਅਪਾਰ ਸੁੰਦਰਤਾ ਜਿਸ ਦੇ ਅਨੁਭਵ ਦੁਆਰਾ ਹੀ ਦਰਸ਼ਨ ਹੋ ਸਕਦੇ ਹਨ ।

... ...

ਸਤਿਗੁਰੂ ਜਗਜੀਤ ਸਿੰਘ ਆਪਣੇ ਨਿੱਤ ਦੇ ਰੁਝੇਵਿਆਂ ਤੇ ਅਕਾਊ-ਥਕਾਊ ਸਫ਼ਰਾਂ ਤੋਂ ਨਵਿਰਤ ਹੋਣ ਲਈ ਕਈ ਵਾਰ ਮੁਰਗਾਬੀ ਵਾਂਗੂੰ ਚੁਭੀ ਮਾਰ ਪਹਾੜਾਂ ਦੀ ਸ਼ਾਂਤ, ਸੁਖਦ ਤੇ ਹੁਲਸਾਊ ਗੋਦ ਵਿਚ ਜਾ ਨਿਕਲਦੇ ਹਨ ।

ਕੁਲੂ, ਮਿਨਾਲੀ, ਰੁਹਤਾਂਗ ਦੇ ਤਾਜ਼ਗੀ-ਬਖਸ਼ ਨਜ਼ਾਰੇ ਮਾਣਨ ਜਾਣ ਦਾ, ਉਹਨਾਂ ਨਾਲ, ਇਕ ਵਾਰ ਮੈਨੂੰ ਵੀ ਅਵਸਰ ਮਿਲਿਆ ।

ਇਕ ਪਹਾੜ, ਦੂਜੇ ਮੁੱਢ ਫ਼ਰਵਰੀ ਦੇ ਠੰਢੇ ਦਿਨ !

ਜੀਪਾਂ ਨੂੰ ਰਾਹਲੇ ਤਕ ਖੜਨ ਦਾ ਇਰਾਦਾ ਸੀ - ਓਦੋਂ ਇਹ ਸੜਕ ਕੱਚੀ ਤੇ ਖਤਰਾ ਭਰਪੂਰ ਹੀ ਸੀ । ਪਰ ਸਾਨੂੰ ਮਿਨਾਲੀ ਤੋਂ 7—8 ਮੀਲ ਤਕ ਬੜੀ ਮੁਸ਼ਕਲ ਨਾਲ ਜੀਪਾਂ ਤੇ ਸਫ਼ਰ ਕਰਨਾ ਮਿਲਿਆ । ਅੱਗੇ ਸੜਕ ਤੇ ਪਈ ਬੇਬਹਾ ਬਰਫ਼ ! ਸੱਜੇ ਬਰਫ ਦੀਆਂ ਪਹਾੜੀ ਉਚਾਈਆਂ ਤੇ ਖੱਬੇ ਡੂੰਘਾਈਆਂ ਵਿਚ ਬਿਆਸ ਦਰਿਆ ।

ਸਤਿਗੁਰੂ ਜੀ ਅਗਵਾਈ ਕੀਤੀ । ਅਸੀਂ 8-10 ਜਣੇ, ਪਿੱਛਾ ਕਰਦੇ ਹੌਲੀ ਸਹਿਜੇ ਰਾਹਲੇ ਤਕ ਪੈਦਲ ਹੀ ਪਹੁੰਚ ਗਏ । "ਜਿਧਰ ਦੇਖਤਾ ਹੂੰ ਉਧਰ ਤੂ ਹੀ ਤੂ ਹੈ" ਵਾਂਗ ਚੁਫੇਰੇ ਬਰਫ਼ ਦਾ ਸਾਮਰਾਜ ਸੀ । ਇਕ ਪਾਸੇ ਉੱਚੇ ਉੱਚੇ ਦੇਵਦਾਰ ਤੇ ਚੀਲਾਂ ਦੇ ਰੁੱਖ ਸਿਰ ਸੁਟੀ, ਬਰਫ਼-ਅੱਟੇ ਝੁਕੇ ਪਏ ਸਨ, ਦੂਜੇ ਪਾਸੇ ਨਿੱਤ ਵਗਦਾ ਬਿਆਸਾ ਚਿਰ-ਨੀਂਦੇ ਸੌਂ ਰਿਹਾ ਜਾਪਦਾ ਸੀ ! ਸੂਰਜ ਠੰਢਾ-ਠੰਢਾ ਪਿਆ ਲਗ ਰਿਹਾ ਸੀ । ਸੀਤਲ ਵਾਯੂ ਲਹੂ-ਮਾਸ ਵਿਚੋਂ ਲੰਘਦੀ ਹੱਡੀਆਂ ਤਕ ਨੂੰ ਕੰਬਣੀ ਛੇੜ ਰਹੀ ਸੀ । ਬਹੁਤ ਗਰੀਬ ਜਿਹੀਆਂ ਸੂਰਜ-ਕਿਰਨਾਂ ਦਿਉਦਾਰ-ਚੀਲਾਂ ਵਿਚੋਂ ਕਿਤੇ ਕਿਤੇ ਵਿੰਨ੍ਹ ਕੇ ਲੰਘਦੀਆਂ ਧਰਤੀ ਤੇ ਆਉਣ ਤਕ ਜਿਵੇਂ ਜੰਮ ਹੀ ਜਾਂਦੀਆਂ !

ਏਥੇ ਤਾਂ ਕੁਦਰਤ ਦੁਨੀਆਂ ਵਲੋਂ ਬੇਪਰਵਾਹ ਹੋਈ ਮੌਜ ਨਾਲ ਸੁੱਤੀ ਪਈ ਸੀ, ਸਫ਼ੈਦ ਸਫ਼ੈਦ ਓਢਣੀ ਉਤੇ ਲੈ ਕੇ ।

ਮਨੁਖ ਦਾ ਆਪਣੇ ਸੁਆਦ ਲਈ ਏਥੇ ਆਉਣਾ ਪਰਵਾਨ ਕੀਤਾ ਜਾ ਸਕਦਾ ਹੈ ਪਰ ਜੇ ਉਹ ਚੁੱਪ, ਬੇ-ਖੜਾਕ ਤੇ ਬੇਸਾਹ ਜਿਹਾ ਹੋ ਕੇ ਆਵੇ ।

ਬਰਫ-ਪਹਾੜੀਂ ਘਿਰੇ ਰਾਹਲੇ ਨੂੰ ਪਹਾੜਾਂ ਦੀ ਧੂੰਨੀ ਨਾਲ ਤੁਲਨਾ ਦਿਤੀ ਜਾ ਸਕਦੀ ਹੈ । ਫਰਲਾਂਗ ਕੁ ਥਾਂ ਦੀ ਵਾਦੀ ।

ਬਿਆਸ-ਕੁੰਡ (ਬਿਆਸ ਦਾ ਸਰੋਤ) ਏਥੋਂ 3-4 ਮੀਲ ਦੀ ਵਾਟ ਤੇ ਹੋਵੇਗਾ, ਪਰ ਰਾਹਲੇ ਤੋਂ ਅੱਗੇ ਇਸ ਮੌਸਮ ਵਿਚ ਗੰਮਤਾ ਨਹੀਂ । ਏਥੇ ਤਾਂ ਬਿਆਸ ਦਾ ਪਾਣੀ ਆਰਾਮ ਫ਼ਰਮਾ ਰਿਹਾ ਸੀ । ਉਪਰਲੀ ਪਰਤ ਚੰਗੇ ਮੋਟੇ ਤਲ ਦੇ ਰੂਪ ਵਿਚ ਜੰਮੀ ਪਈ ਸੀ । ਸੁੱਤੇ ਪਿਆਂ ਚਲਦੇ ਸਾਹਾਂ ਵਾਂਗ ਜੰਮੇ ਹੋਏ ਪਾਣੀ ਦੇ ਹੇਠ ਜਾਗਦਾ ਪਾਣੀ ਜਾ ਰਿਹਾ ਹੋਵੇਗਾ । ਪਾਸ ਕਰਕੇ ਹੀ ਇਕ ਨਲਕਾ ਸੁਤੇ ਸਿਧ ਵਗ ਰਿਹਾ ਸੀ ਪਰ ਉਹਦੇ ਚੌਗਿਰਦ, ਢਲੀ ਹੋਈ ਮੋਮ ਵਾਂਗ, ਪਾਣੀ ਜੰਮਦਾ-ਜੰਮਦਾ ਉਹਦੇ ਮੂੰਹ ਤਕ ਆ ਪਹੁੰਦਾ ਸੀ । ਇਹ ਕੋਈ ਚਾਰ ਕੁ ਫੁੱਟ ਦੀ ਉਚਾਈ ਡੁਲ੍ਹੇ ਹੋਏ ਪਾਣੀ ਨੂੰ ਬਰਫ਼ ਬਣਾਂਦੀ ਉਪਰ ਨੂੰ ਉਠ ਰਹੀ ਸੀ ।

ਇਉਂ ਜਾਪਦਾ ਸੀ ਜਿਵੇਂ ਕਿਸੇ ਦੀ ਜਾਦੂ ਛੜੀ ਨੇ ਸਭ ਨੂੰ ਸੁੱਤੜੇ ਸੁਆ ਦਿਤਾ ਹੋਵੇ । ਰੁੱਖ ਤਾਂ ਬਰਫ਼ ਢਕੇ ਵੇਖੇ ਹੀ ਸਨ, ਘਾਹ-ਪੱਤੀਆਂ ਤੋਂ ਤਿਲਕਦਾ ਪਾਣੀ ਵੀ ਓਥੇ ਦਾ ਉਥੇ ਸੌਂ ਗਿਆ ਸੀ । ਉਹ ਕੂਲ੍ਹ ਜੋ ਬਰਫਾਂ ਢਲ ਢਲ ਸਾਰੀ ਗਰਮੀ ਚਲਦੀ ਰਹੀ ਤੇ ਜੋ ਬਰਸਾਤ ਦਾ ਪਾਣੀ ਬਿਆਸਾ ਤਕ ਉਂਡੇਲਦੀ ਮਸਤ ਚਾਲ ਚੁਪ ਕੀਤੀ ਵਗਦੀ ਰਹੀ ਉਹਦਾ ਪਾਣੀ ਪਹਾੜੀ ਢਲਵਾਣ ਤੋਂ ਹਿਠਾਂਹ ਧਰਤੀ ਨਾਲ ਲੱਗਾ ਜੰਮ ਚੁਕਾ ਸੀ—ਪਤਾ ਨਹੀਂ ਇਹ ਕਿਵੇਂ ਹੋਇਆ ਉਹਦਾ ਸਬੰਧ ਮੁਖ ਸੋਮੇ ਨਾਲੋਂ ਕੱਟ ਗਿਆ ਤੇ ਉਹ ਬਰਫ਼ ਬੇਮੁਲਾ ਬਣੀ ਮੋਮਬਤੀ ਵਾਂਗ - ਅਚਲ ਖਲੋ ਗਿਆ ।

ਇਸ ਦਿਨ ਵੇਖਿਆ ਕਿ ਨਿਰੰਤਰ ਵਗਦੇ ਪਾਣੀ ਵੀ ਇਕ ਖੂਬਸੂਰਤ ਨੀਂਦੇ ਸੌਂ ਜਾਂਦੇ ਹਨ ਜਿਨ੍ਹਾਂ ਦੀ ਸੁੰਦਰਤਾ ਕਿਸੇ ਦੁਨਿਆਵੀ ਸ਼ੈ ਨਾਲ ਤੁਲਨਾਈ ਨਹੀਂ ਜਾ ਸਕਦੀ । ਮੈਨੂੰ ਉਸ ਦਿਨ ਸਾਡਾ ਉਥੇ ਬਰਫਾਂ ਭੰਨਦਿਆਂ ਫਿਰਨਾ, ਜੰਮੇ ਪਏ ਦਰਿਆ ਵਿਚ ਮਘੋਰੇ ਪਾ ਕੇ ਖੜ-ਬਿੱਲੀਆਂ ਮਾਰਨਾ ਚੰਗਾ ਨਾ ਲਗਾ, ਸ਼ਾਇਦ ਤਦੇ ਹੀ ਸਤਿਗੁਰੂ ਸਾਥੋਂ ਅੱਧੀ ਫਰਲਾਂਗ ਅਗੇ ਅਗੇ ਰਹਿੰਦੇ ਸਨ ।



ਇਕ ਮੁਲਾਕਾਤ :

ਹਾਕੀ ਦਾ ਉਸਤਾਦ

ਸ: ਗੁਰਚਰਨ ਸਿੰਘ ਬੋਧੀ

—ਜਗਦੀਸ਼ ਸਿੰਘ

ਖਿਡਾਰੀ ਉਹਨਾਂ ਨੂੰ ਪਿਆਰ ਤੇ ਸਤਿਕਾਰ ਨਾਲ ਬਾਬਾ ਜੀ ਕਹਿਕੇ ਬੁਲਾਉਂਦੇ ਹਨ ਅਤੇ ਉਹਨਾਂ ਦਾ ਖਿਡਾ-ਰੀਆਂ ਪ੍ਰਤੀ ਪ੍ਰੇਮ ਦਾ ਰਵਈਆ ਇਕ ਪਿਤਾ ਸਮਾਨ ਹੀ ਹੈ। ਬੜੇ ਹੀ ਨਿਰਛਲ, ਨਿਰਮਾਣ, ਮਿਠ ਬੋਲੜੇ, ਮਿਲਣਸਾਰ, ਸਾਊ, ਸਲੀਕੇਦਾਰ ਸ਼ਖਸੀਅਤ ਦੇ ਸੁਆਮੀ ਹਨ। ਉਹਨਾਂ ਦੀ ਬੋਲ ਬਾਣੀ, ਭਰੱਪਣ ਦੂਜਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਮਿਲਣ ਵਾਲੇ ਦੇ ਦਿਲ ਤੇ ਡੂੰਘਾ ਪ੍ਰਭਾਵ ਪਾਉਂਦੀ ਹੈ। ਐਸੇ ਹਨ ਕੁਆਲਾਲੰਮਪੁਰ ਵਿਖੇ 1975 ਦੇ ਸ਼ੁਰੂ ਵਿਚ ਵਿਸ਼ਵ ਕੱਪ ਵਿਜੇਤਾ ਭਾਰਤੀ ਹਾਕੀ ਟੀਮ ਦੇ ਕੋਚ ਸ: ਗੁਰਚਰਨ ਸਿੰਘ ਬੋਧੀ।

ਜਦੋਂ ਮੈਂ ਅਪਣੇ ਅਜੀਜ਼ ਮਿਤਰ ਸ: ਹਰਚਰਨ ਸਿੰਘ (ਮੋਹਨ ਸਿੰਘ ਐਂਡ ਕੰ: ਸਿਤਾਰ ਮੇਕਰ) ਨਾਲ ਉਹਨਾਂ ਦੇ ਨਿਵਾਸ ਅਸਥਾਨ 113 ਗਰੀਨ ਪਾਰਕ ਕਾਲੋਨੀ ਜਲੰਧਰ ਵਿਚ ਗਿਆ ਤਾਂ ਉਹ ਅਜੇ ਡਾਕਟਰ ਜੀ. ਐਮ ਮਾਂਗਟ ਪਾਸੋਂ ਐਕਸਰਸਾਈਜ਼ ਕਰ ਕੇ ਪਰਤੇ ਨਹੀਂ ਸਨ। ਉਹਨਾਂ ਦੇ ਛੋਟੇ ਲੜਕੇ ਨੇ ਸਾਡਾ ਸੁਆਗਤ ਕੀਤਾ ਅਤੇ ਡਰਾਇੰਗ ਰੂਮ ਵਿਚ ਬੈਠਾਇਆ। ਬੈਠਕ ਕਮਰੇ ਵਿਚ ਸਾਹਮਣੇ ਇਕ ਵਡੀ ਸਾਰੀ ਸ਼ੀਲਡ ਦੇ ਦਰਸ਼ਨ ਹੋ ਰਹੇ ਸਨ। ਇਸ ਤੋਂ ਇਲਾਵਾ ਭਾਂਤ ਭਾਂਤ ਦੀਆਂ ਅਣਗਿਣਤ ਟ੍ਰਾਫੀਆਂ ਬੜੇ ਸਲੀਕੇ ਨਾਲ ਸਜੀਆਂ ਪਈਆਂ ਸਨ। ਫੁੱਲਾਂ ਵਾਲੀ ਪੇਂਟਿੰਗ, ਇਕ ਡਾਂਸਿਗ ਗਰਲ ਦੀ ਪੇਂਟਿੰਗ, ਸ: ਸੋਭਾ ਸਿੰਘ ਆਰਟਿਸਟ ਦੀ ਬਣਾਈ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਦੇ ਥੱਲੇ ਪਾਸੇ ਲਾਗੀ ਵਿਸ਼ਵ ਕਪ ਜਿੱਤਣ ਤੇ ਪੰਜਾਬ ਸਰਕਾਰ ਵਲੋਂ ਦਿਤੀ ਟਰਾਫੀ, ਸਭ ਕੁਝ ਤੋਂ ਉਹਨਾਂ ਦੇ ਸੂਹਜ ਸਵਾਦ ਅਤੇ ਕਲਾ ਪਰੇਮ ਦਾ ਭਲੀ ਪ੍ਰਕਾਰ ਪਤਾ ਲਗਦਾ ਸੀ।

ਦਰਅਸਲ ਉਹਨਾਂ ਨਾਲ ਮੁਲਾਕਾਤ ਕਰ ਕੇ ਉਹਨਾਂ ਦਾ ਪਰੀਚੈ ਅਸੀਂ ਵਰਿਆਮ ਦੇ ਪਲੇਠੇ ਅੰਕ ਵਿਚ ਹੀ ਦੇਣਾ ਚਾਹੁੰਦੇ ਸੀ ਪਰ ਉਹਨਾਂ ਦੇ ਵੱਖ ਵੱਖ ਥਾਵਾਂ ਤੇ ਰੁਝੇਵਿਆਂ ਅਤੇ ਸਾਡੇ ਆਪਣੇ ਰੁਝੇਵਿਆਂ ਨੇ ਇਹ ਸਮਾਂ ਨਾ ਕਢਣ ਦਿਤਾ। ਇਸ ਦੌਰਾਨ ਉਹਨਾਂ ਨੂੰ ਹਰਨੀਆਂ ਦੀ ਸ਼ਕਾਇਤ ਹੋਈ ਤੇ ਆਪਰੇਸ਼ਨ ਆਦਿਕ ਹੋਏ. ਅਤੇ ਫਿਰ ਬੱਲਡ ਪਰੈਸ਼ਰ ਦੀ ਬੀਮਾਰੀ ਸਮੇਂ ਮਾਂਟਰੀਅਲ ਵਿਚ ਸਾਡੀ ਹਾਕੀ ਦੀ ਹਾਰ ਤੋਂ ਉਹਨਾਂ ਨੂੰ ਬਹੁਤ ਸਦਮਾ ਪੁਜਾ, ਅਧਰੰਗ ਦਾ ਹਮਲਾ ਹੋਇਆ ਅਤੇ ਕਿੰਨਾ ਚਿਰ ਹਸਪਤਾਲ ਰਹੇ। ਪਰ ਡਾਕਟਰ ਸ਼ਿੰਗਾਰਾ ਸਿੰਘ, ਡਾ: ਪਰਮਿੰਦਰ ਸਿੰਘ ਹੋਰਾਂ ਇਲਾਜ ਨਾਲ ਇਸ ਬੀਮਾਰੀ ਨੂੰ ਕੰਟਰੋਲ ਕਰ ਲਿਆ। ਭਾਵੇਂ ਬੋਧੀ ਸਾਹਿਬ ਬਹੁਤ ਕਮਜ਼ੋਰ ਹੋ ਗਏ. ਪਰ ਫਿਰ ਵੀ ਸਾਡੇ ਨਾਲ ਮੁਲਾਕਾਤ ਦਾ ਵਕਤ ਕੱਢ ਕੇ ਸਾਨੂੰ ਧਨਵਾਦੀ ਬਣਾਇਆ। ਉਹਨਾਂ ਦੇ ਘਰ ਥੋੜਾ ਚਿਰ ਹੀ ਠਹਿਰੇ ਸਾਂ ਕਿ ਮਿ. ਚਾਰਲਸ (ਭਾਰਤ ਦੇ ਪਿਛਲੇ ਗੋਲਕੀਪਰ, ਜਿਹੜੇ ਕਿ ਲੱਤ ਦਾ ਓਪਰੇਸ਼ਨ ਕਰਾ ਕੇ ਲੰਡਨ ਤੋਂ ਆਏ ਹਨ) ਬੋਧੀ ਸਾਹਿਬ ਨੂੰ ਸਕੂਟਰ ਤੇ ਬੈਠਾ ਕੇ ਲੈ ਆਏ।

ਹਾਲ ਚਾਲ ਪੁਛਣ ਪਛਾਉਣ ਬਾਅਦ ਅਸੀਂ ਬਾਹਰ ਵਰਾਂਡੇ ਵਿਚ ਚਾਰੇ ਬੈਠ ਗਏ। ਮੈਂ ਕਿਹਾ ਜੀ ਮੈਂ ਤੁਹਾਡੇ ਜੀਵਨ ਬਾਰੇ ਹੀ ਕੁਝ ਸੁਣਨਾ ਚਾਹਾਂਗਾ।

ਬੋਧੀ ਸਾਹਿਬ ਨੇ ਆਪਣੇ ਬਾਰੇ ਜੋ ਕੁਝ ਦਸਿਆ ਉਸ ਦਾ ਸਾਰ ਇੰਝ ਹੈ —

ਸੰਨ 1919 ਵਿਚ ਸ੍ਰੀ ਦੁਨੀ ਚੰਦ ਦੇ ਘਰ ਗੁਜਰਾਂ-ਵਾਲੇ ਪੈਦਾ ਹੋਏ। ਪਿਤਾ ਜੀ ਜ਼ਮੀਨਾਂ ਦੇ ਠੇਕੇ ਦਾ ਕੰਮ ਕਰਦੇ ਸਨ ਤੇ ਚੰਗੇ ਖਾਂਦੇ ਪੀਂਦੇ ਸਨ। ਪਰ ਉਹਨਾਂ ਨੂੰ ਐਸੇ ਘਾਟੇ ਪਏ ਕਿ ਘਰ ਦੀ ਹਾਲਤ ਪਤਲੀ ਹੋ ਗਈ ਜਿਸ ਕਰਕੇ ਪੜ੍ਹਾਈ ਲਈ ਮੁਸ਼ਕਲ ਪੈਦਾ ਹੋ ਗਈ। ਉਸ ਵੇਲੇ ਆਪ ਸ਼ਹਿਰ ਤੋਂ ਤਿੰਨ ਮੀਲ ਆਪਣੇ ਪਿੰਡ ਰਹਿੰਦੇ ਸਨ। ਮੈਟਰਿਕ ਕਰਨ ਤੋਂ ਪਹਿਲਾਂ ਹੀ ਪੜ੍ਹਾਈ ਛੱਡਣੀ ਪੈ ਗਈ। ਗੁਜਰਾਂਵਾਲੇ ਆ ਕੇ ਆਪਣੇ ਭਰਾ ਨਾਲ ਰਹਿਣ ਲਗੇ ਅਤੇ ਕਿਸੇ ਦਸਤੀ ਕੰਮ ਵਾਸਤੇ ਯਤਨ ਕਰਦੇ ਰਹੇ।

ਵਿਦਿਆ ਤਾਂ ਭਾਵੇਂ ਸਕੂਲ ਦੀ ਛੱਡਣੀ ਪਈ ਪਰ ਸਕੂਲ ਦੇ ਦੌਰਾਨ ਹੀ ਖੇਡਾਂ ਵਲ ਦਿਲਚਸਪੀ ਹੋ ਗਈ ਸੀ। ਆਪਣੇ ਸਕੂਲ ਦੀ ਫੁਟਬਾਲ ਟੀਮ ਦੇ ਬਹੁਤ ਵਧੀਆ ਖਿਲਾੜੀ ਸਨ। ਪਰ ਉਦੋਂ ਫੁਟਬਾਲ 'ਚ ਅਗੇ ਵਧਣ ਦਾ ਮੌਕਾ ਨਾ ਹੋਣ ਕਰਕੇ ਆਪਣੇ ਦੋਸਤ ਅਮਰ ਸਿੰਘ ਗੋਲਕੀਪਰ ਅਤੇ ਸ: ਹਰਭਜਨ ਸਿੰਘ ਕੋਚ ਦੀ ਪਰੇਰਣਾ ਤੇ ਹਾਕੀ ਸ਼ੁਰੂ ਕਰ ਦਿਤੀ। ਰੇਸ ਬਹੁਤ ਸੀ ਤੇ ਦੌੜਨ ਦੀ ਪਰੈਕਟਿਸ ਵੀ ਇੰਜ ਹੀ ਹੋ ਜਾਂਦੀ ਕਿ ਜਦੋਂ ਸਕੂਲੋਂ ਛੁੱਟੀ ਹੋਣੀ ਤਾਂ ਟਾਂਗਿਆਂ ਪਿਛੇ ਤਿੰਨ ਤਿੰਨ ਮੀਲ ਦੌੜਦੇ ਰਹਿਣਾ। ਹਾਕੀ ਦੀ ਖੇਡ ਦੀ ਮੁਹਾਰਤ ਅਤੇ ਚੰਗੀ ਦੌੜ ਕਰਕੇ ਇਹ ਗੁਜਰਾਂਵਾਲੇ ਦੀ ਟੀਮ 'ਚ ਰਾਈਟ ਹਾਫ ਖੇਡਣ ਲਗੇ। ਗੁਜਰਾਂਵਾਲੇ ਜ਼ਿਲੇ ਵਲੋਂ ਕਈ ਸਾਲ ਹਾਕੀ ਅਤੇ ਫੁਟਬਾਲ ਖੇਡਦੇ ਰਹੇ।

ਜਦੋਂ ਪੰਦਰਾਂ ਸਾਲਾਂ ਦੇ ਹੋਏ ਤਾਂ ਸੰਨ 1934 ਵਿਚ ਗੁਜਰਾਂਵਾਲੇ ਦੀ ਟੀਮ ਕਾਬਲ ਖੇਡਣ ਗਈ। ਬੋਧੀ ਸਾਹਿਬ ਦਾ ਪ੍ਰਦਰਸ਼ਨ ਬਹੁਤ ਵਧੀਆ ਸੀ। ਇਸ ਟੀਮ ਦੇ ਕਪਤਾਨ ਮਲਿਕ ਅਬਦੁਲ ਡਾਰ ਸਨ। ਇਸ ਟੀਮ ਨੇ ਟੂਰਨਾ-ਮੈਂਟ ਜਿਤਿਆ। ਸੰਨ 1937—38 ਵਿਚ ਅੰਬਾਲਾ ਪੁਲਸ ਵਿਚ ਭਰਤੀ ਹੋ ਗਏ। ਉਥੇ ਸ੍ਰੀ ਪੀ. ਐਸ. ਬਰਾੜ ਐਸ. ਪੀ. ਹੁੰਦੇ ਸਨ, ਉਹ ਹਾਕੀ ਵਿਚ ਬਹੁਤ ਦਿਲਚਸਪੀ ਲੈਂਦੇ ਸਨ—ਜਦੋਂ ਉਹਨਾਂ ਦੀ ਤਬਦੀਲੀ ਗੁਜਰਾਤ (ਪੱਛਮੀ ਪੰਜਾਬ) ਵਿਚ ਹੋਈ ਤਾਂ ਉਹ ਹਾਕੀ ਦੇ ਸਾਰੇ ਮੁੰਡਿਆਂ ਨੂੰ ਨਾਲ ਲੈ ਗਏ। ਇਸ ਗੱਲ ਤੇ ਡੀ. ਆਈ. ਜੀ. ਸਾਹਿਬ ਨੂੰ ਰਿਪੋਰਟ ਹੋ ਗਈ। ਦੁਬਾਰਾ ਅੰਬਾਲੇ ਜਾਣ ਦਾ ਆਰਡਰ ਹੋ ਗਿਆ ਨਹੀਂ ਤੇ ਪੁਲਸ ਵਿਚੋਂ ਡਿਸਚਾਰਜ। ਬੋਧੀ ਸਾਹਿਬ ਅੰਬਾਲੇ ਜਾਣ ਦੀ ਬਜਾਏ ਰਾਵਲ ਪਿੰਡੀ ਚਲੇ ਗਏ ਉਥੇ ਸਹਿਗਲ ਐਂਡ ਕੰਪਨੀ ਦੀ ਹਾਕੀ ਟੀਮ ਵਿਚ ਭਰਤੀ ਹੋ ਗਏ। ਪਰ ਇਸ ਤੋਂ ਪਹਿਲਾਂ ਹੋਤੀ ਮਰਦਾਨ ਦਾ ਚਕਰ ਲਾ ਆਏ। ਹੋਤੀ ਮਰਦਾਨ ਵਿਚ ਖਾਨ ਇਲੈਵਨ ਇਕ ਟੀਮ ਸੀ। ਇਹ ਖਿਡਾਰੀਆਂ ਨੂੰ ਵਜ਼ੀਫੇ ਆਦਿ ਦਿੰਦੇ ਸਨ। ਇਹਨਾਂ ਦੀ ਟੀਮ ਵਾਸਤੇ ਕਈ ਵਾਰ ਖੇਡਦੇ ਰਹੇ ਅਤੇ ਕੈਪਟਨ ਖੰਨਾ ਮੈਮੋਰੀਅਲ ਟੂਰਨਾਮੈਂਟ ਪਸ਼ਾਵਰ ਵਿਚ ਜਿਤਿਆ।

ਸਹਿਗਲ ਐਂਡ ਕੰਪਨੀ ਰਾਵਲ ਪਿੰਡੀ ਦੀ ਟੀਮ ਵਲੋਂ ਕਈ ਟੂਰਨਾਮੈਂਟ ਖੇਡੇ : ਇਸ ਟੀਮ ਦੇ ਕਪਤਾਨ ਰਹੇ ਅਤੇ 1942 ਤੋਂ 45 ਤਕ ਸਭ ਵੱਡੇ ਵੱਡੇ ਟੂਰਨਾਮੈਂਟ ਜਿਤੇ 1940 ਤੋਂ 1947 ਤਕ ਰਾਵਲਪਿੰਡੀ ਜ਼ਿਲੇ ਦੀ ਹੀ ਨੁਮਾਇੰਦਗੀ ਕੀਤੀ।

ਸੰਨ 1941 ਵਿਚ ਲਾਹੌਰ ਪੰਜਾਬ ਚੈਂਪੀਅਨਸ਼ਿਪ ਵਿਚ ਬੋਧੀ ਸਾਹਿਬ ਦੀ ਖੇਡ ਦੀ ਬਹੁਤ ਤਾਰੀਫ ਹੋਈ। 1942 ਵਿਚ ਪੰਜਾਬ ਦੀ ਟੀਮ ਵਾਸਤੇ ਚੁਣੇ ਗਏ ਅਤੇ ਫਿਰ ਲਗਾਤਾਰ ਸੰਨ 57 ਤਕ ਪੰਜਾਬ ਦੀ ਟੀਮ ਵਲੋਂ ਖੇਡਦੇ ਰਹੇ। ਇਸੇ ਦੌਰਾਨ ਸੰਨ 1945 ਵਿਚ ਪੰਜਾਬ ਦੇ ਕਪਤਾਨ ਵੀ ਰਹੇ।

ਪੰਜਾਬ ਵਲੋਂ ਨੈਸ਼ਨਲ ਚੈਂਪੀਅਨਸ਼ਿਪ ਵਾਸਤੇ ਨੌਂ ਵਾਰ ਫਾਈਨਲ ਵਿਚ ਖੇਡੇ ਅਤੇ ਪੰਜ ਵਾਰ ਫਾਈਨਲ ਜਿਤਿਆ। ਭਾਰਤ ਦੀ ਟੀਮ ਵਲੋਂ ਅਫਗਾਨਿਸਤਾਨ ਵਿਚ ਸੰਨ 1950 ਵਿਚ ਅਤੇ ਜਾਪਾਨ ਵਿਰੁਧ 1951 ਵਿਚ ਖੇਡੇ।

ਸੰਨ 1945 ਵਿਚ ਸ੍ਰੀ ਅਸ਼ਵਨੀ ਕੁਮਾਰ ਜੀ ਰਾਵਲ-ਪਿੰਡੀ ਵਿਖੇ ਏ. ਐਸ. ਪੀ. (ਆਈ. ਪੀ.) ਲਗ ਗਏ। ਇਹਨਾਂ ਨੂੰ ਹਾਕੀ ਵਾਸਤੇ ਇਸ਼ਕ ਦੀ ਹੱਦ ਤਕ ਦਿਲਚਸਪੀ ਸੀ। ਇਹਨਾਂ ਦੀ ਪਰੇਰਨਾ ਤੇ ਬੋਧੀ ਸਾਹਿਬ ਮੁੜ ਪੁਲੀਸ ਵਿਚ ਭਰਤੀ ਹੋ ਗਏ। ਕੁਮਾਰ ਸਾਹਿਬ ਦੀ ਤਬਦੀਲੀ ਲਾਹੌਰ ਹੋ ਗਈ, ਪਰ ਬੋਧੀ ਸਾਹਿਬ ਰਾਵਲ ਪਿੰਡੀ ਹੀ ਰਹੇ। ਇਥੋਂ ਇਹਨਾਂ ਦੇ ਸਾਥੀ ਤੇ ਦੋਸਤ ਹੈਡ ਕਾਂਸਟੇਬਲ ਅਬਦੁਲ ਅਜ਼ੀਜ਼ ਸਨ ਜੋ ਪਿਛੋਂ ਪਾਕਿਸਤਾਨ ਦੇ ਸੈਂਟਰ ਫਾਰਵਰਡ ਖੇਲਦੇ ਰਹੇ।

ਰਾਵਲਪਿੰਡੀ ਵਿਚ ਮਿ: ਸਕਾਟ ਸਾਹਿਬ ਪੁਲੀਸ ਡੀ. ਆਈ. ਜੀ ਹੁੰਦੇ ਸਨ। ਉਹਨਾਂ ਦੇ ਪੇਸ਼ ਹੋਕੇ ਪੁਲੀਸ

ਦੇ ਲੋਇਰ ਕਲਾਸ ਦਾ ਇਮਤਿਹਾਨ ਦੇਣ ਲਈ ਕਿਹਾ। ਉਹਨਾਂ ਉਸੇ ਵੇਲੇ ਇਮਤਿਹਾਨ ਲਈ ਆਰਡਰ ਕਰ ਦਿਤਾ। ਪਰ ਇਸ ਦੌਰਾਨ ਦੇਸ਼ ਦੀ ਵੰਡ ਹੋ ਗਈ ਤੇ ਇਹ ਕੰਮ ਵਿਚੇ ਹੀ ਰਹਿ ਗਿਆ।

ਬਟਵਾਰੇ ਵੇਲੇ ਬੋਧੀ ਸਾਹਿਬ ਦਾ ਪਰਿਵਾਰ ਤਾਂ ਹਿੰਦ ਵਿਚ ਸੀ, ਪਰ ਆਪ ਉਹ ਉਧਰ ਫਸ ਗਏ। ਬਚਣ ਦੀ ਕੋਈ ਆਸ ਤਾਂ ਨਹੀਂ ਸੀ ਪਰ ਕਿਤੇ ਗਡੀ ਵਿਚ ਮੇਜਰ ਲਛਮਣ ਸਿੰਘ ਆਫ਼ ਸਰਵਿਸਿਜ਼ ਕੰਟਰੋਲ ਬੋਰਡ ਨੇ ਇਹਨਾਂ ਨੂੰ ਪਛਾਣ ਲਿਆ ਅਤੇ ਇਹ ਕੇਵਲ ਤਿੰਨ ਕਪੜਿਆਂ ਵਿਚ ਬਹੁਤ ਬੁਰੀ ਹਾਲਤ ਵਿਚ ਭਾਰਤ ਅੱਪੜ ਗਏ।

ਭਾਰਤ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਢੂੰਡਦੇ ਲਭਦੇ ਫਰਦੇ ਰਹੇ। ਉਧਰ ਕੁਮਾਰ ਸਾਹਿਬ ਇਹਨਾਂ ਦੀ ਫਿਕਰ ਅਤੇ ਢੂੰਡ ਕਰਦੇ ਰਹੇ। ਇਸ ਸਬੰਧ ਵਿਚ ਜਦੋਂ ਇਹਨਾਂ ਨੇ ਅਖ਼ਬਾਰ ਵਿਚ ਪੜ੍ਹਿਆ ਤਾਂ ਇਹ ਅੰਬਾਲੇ ਪੁਜ ਗਏ। ਪੁਰਾਣੇ ਸਾਥੀ ਮਿਲੇ ਤੇ ਕੁਮਾਰ ਸਾਹਿਬ ਕੋਲ ਲੈ ਗਏ। ਸਭ ਖ਼ੁਸ਼ ਹੋ ਗਏ। ਬੋਧੀ ਸਾਹਿਬ ਨੇ ਪੰਜਾਬ ਪੁਲੀਸ ਫਿਰ ਜੁਆਇਨ ਕਰ ਲਈ। ਮੌਜੂਦਾ ਆਈ. ਜੀ. ਪੁਲੀਸ ਸ੍ਰੀ ਗਰੇਵਾਲ ਉਦੋਂ ਕੁਮਾਰ ਸਾਹਿਬ ਦੇ ਅਸਿਸਟੈਂਟ ਸਨ। ਖੇਡ ਦੇ ਨਾਲ ਨਾਲ ਪੁਲੀਸ ਦੇ ਇਮਤਿਹਾਨ ਪਾਸ ਕਰ ਕਰ ਕੇ ਥਾਣੇਦਾਰ (ਸਬ-ਇੰਸਪੈਕਟਰ) ਲਗ ਗਏ। ਕੁਮਾਰ ਸਾਹਿਬ ਜਲੰਧਰ ਪੀ. ਏ. ਪੀ. ਵਿਚ ਆ ਗਏ ਤਾਂ ਹਾਕੀ ਦੇ ਖਿਡਾਰੀ ਇਥੇ ਹੀ ਆ ਗਏ। ਕੁਮਾਰ ਸਾਹਿਬ ਜਿਥੇ ਵੀ ਤਬਦੀਲ ਹੋ ਕੇ ਗਏ, ਅਕਸਰ ਇਹ ਵੀ ਨਾਲ ਹੀ ਰਹੇ।

ਬੋਧੀ ਸਾਹਿਬ ਦੀ ਆਪਣੀ ਚੰਗੀ ਖੇਡ ਤੋਂ ਇਲਾਵਾ ਇਹਨਾਂ ਦੀ ਖੇਡ ਦੀ ਤਕਨੀਕ ਸਮਝਣ ਦੀ ਸੂਝ ਅਤੇ ਲੰਬੇ ਤਜਰਬੇ ਕਾਰਨ ਕੋਚਿੰਗ ਦੇ ਖੇਤਰ ਵਿਚ ਇਹਨਾਂ ਬੜੀ ਸਫ਼ਲਤਾ ਪ੍ਰਾਪਤ ਕੀਤੀ। ਜਿਥੇ ਆਪ ਨਾਮਣਾ ਖਟਿਆ ਉਥੇ ਭਾਰਤ ਦੀ ਸ਼ਾਨ ਨੂੰ ਵੀ ਚਾਰ ਚੰਨ ਲਾਏ। ਅਨੇਕਾਂ ਵਾਰ ਪੰਜਾਬ ਦੇ ਸਕੂਲਾਂ ਦੀ ਟੀਮ ਨੂੰ ਸਿਖਲਾਈ ਦਿਤੀ। ਪੰਜਾਬ ਪੁਲੀਸ ਦੀ ਹਾਕੀ ਦੀ ਟੀਮ ਨੂੰ ਸੰਨ 1956 ਤੋਂ 1962 ਤਕ ਲਗਾਤਾਰ ਕੋਚ ਕਰਦੇ ਰਹੇ ਅਤੇ ਕਈ ਵਾਰ ਆਲ ਇੰਡੀਆ ਪੁਲੀਸ ਮੁਕਾਬਲੇ ਜਿਤੇ। 1957 ਵਿਚ ਗੋਲਡ ਕੱਪ ਟੂਰਨਾਮੈਂਟ ਬੰਬਈ ਵਿਚ ਭਾਗ ਲੈਣ ਵਾਲੀ ਸਰਬ ਭਾਰਤੀ ਸਕੂਲ ਟੀਮ ਨੂੰ ਸਿਖਲਾਈ ਦਿਤੀ। ਪੰਜਾਬ ਦੀ ਟੀਮ ਨੂੰ 1957 ਤੋਂ ਲੈ ਕੇ ਹੁਣ ਤਕ ਕੋਚ ਕੀਤਾ ਅਤੇ ਅਨੇਕਾਂ ਵਾਰ ਨੈਸ਼ਨਲ ਜਿਤੇ। ਮਹਾਨ ਸਵਾਮੀ ਜਗਨ ਨਾਥ ਨਾਲ ਭਾਰਤੀ ਟੀਮ ਨੂੰ ਕੋਚਿੰਗ ਦਿਤੀ। 1962 ਵਿਚ ਅਹਿਮਦਾਬਾਦ ਵਿਚ ਕੌਮਾਂਤਰੀ ਹਾਕੀ ਟੂਰਨਾਮੈਂਟ ਬੜੀ ਸ਼ਾਨ ਨਾਲ ਜਿਤਣ ਵਾਲੀ ਭਾਰਤੀ ਟੀਮ ਨੂੰ ਕੋਚ ਕੀਤਾ। ਇਸੇ ਸਾਲ ਹੀ ਮਲੇਸ਼ੀਆ ਅਤੇ ਜਪਾਨ ਦੀਆਂ ਟੀਮਾਂ ਨੂੰ ਅਹਿਮਦਾਬਾਦ ਵਿਖੇ ਹੀ ਕੋਚਿੰਗ ਦਿਤੀ। 1962 ਵਿਚ ਹੀ ਜਕਾਰਤਾ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਵਿਚ ਭਾਗ ਲੈਣ ਵਾਲੀ ਹਾਕੀ ਟੀਮ ਦੀ ਕੋਚਿੰਗ ਕੀਤੀ ਤੇ ਨਾਲ ਵੀ ਗਏ। ਲੀਅਨ ਫਰਾਂਸ ਵਿਚ ਹੋਣ ਵਾਲੇ ਅੰਤਰ-ਰਾਸ਼ਟਰੀ ਟੂਰਨਾਮੈਂਟ ਨੂੰ ਬੜੀ ਸਫਲਤਾ ਨਾਲ ਜਿਤਣ ਵਾਲੀ ਭਾਰਤੀ ਟੀਮ ਦੇ ਵੀ ਆਪ ਹੀ ਕੋਚ ਸਨ ਅਤੇ 1961 ਤੋਂ 67 ਤਕ ਹੋਰ ਭਾਰਤੀ ਟੀਮਾਂ ਇਹਨਾਂ ਕੋਲੋਂ ਹੀ ਸਿਖਲਾਈ ਲੈਂਦੀਆਂ ਰਹੀਆਂ। ਅਤੇ ਅੰਤ ਨੂੰ ਕੁਆਲਾਲੰਪੁਰ ਵਿਖੇ 1975 ਵਿਚ ਵਿਸ਼ਵ ਕੱਪ ਨੂੰ ਜਿਤ ਕੇ ਪੂਰੇ ਗਿਆਰਾਂ ਸਾਲਾਂ ਪਿਛੋਂ ਮੁੜ ਭਾਰਤ ਦਾ ਨਾਮ ਉਜਾਗਰ ਕਰਨ ਵਾਲੀ ਭਾਰਤੀ ਟੀਮ ਦੀ ਕੋਚਿੰਗ ਦੀ ਜ਼ਿਮੇਵਾਰੀ ਵੀ ਆਪ ਦੇ ਮੋਢਿਆਂ ਤੇ ਹੀ ਪਈ।

ਜੇ ਮੈਂ ਭੁੱਲਦਾ ਨਹੀਂ ਤਾਂ ਤਹਿਰਾਨ ਵਿਚ ਭਾਰਤ ਦੀ ਹਾਰ ਪਿਛੋਂ ਗਿ: ਜ਼ੈਲ ਸਿੰਘ ਮੁਖ ਮੰਤਰੀ ਨੇ ਵਿਸ਼ਵ ਕੱਪ ਦੀ ਤਿਆਰੀ ਲਈ ਪਬਲਿਕ ਤੌਰ ਤੇ ਐਲਾਨ ਕੀਤਾ ਸੀ। ਇਸ ਟੀਮ ਨੂੰ ਸਿਖਲਾਈ ਲਈ ਇਕ ਹੋਰ ਨਾਮਵਰ ਕੋਚ ਦਾ ਨਾਮ ਲਿਆ ਗਿਆ ਸੀ ਪਰ ਉਸ ਨੇ ਸ਼ਰਤ ਲਾ ਦਿਤੀ ਸੀ ਕਿ ਟੀਮ ਨੂੰ ਲਖਨਊ ਵਿਖੇ ਹੀ ਕੋਚਿੰਗ ਦੇਵੇਗਾ। ਇਸ ਤੇ ਚੰਡੀਗੜ੍ਹ ਵਿਚ ਲਗੇ ਯਾਦਗਾਰੀ ਕੈਂਪ ਦੀ ਕੋਚਿੰਗ ਦੀ ਪੂਰੀ ਜਿਮੇਵਾਰੀ ਸ: ਬੋਧੀ ਨੂੰ ਸੌਂਪੀ ਗਈ ਸੀ।

ਵਰਲਡ ਕੱਪ ਪਿਛੋਂ ਨੀਊਜ਼ੀਲੈਂਡ ਦੀ ਟੀਮ ਨੂੰ ਕੋਚਿੰਗ ਦੇਣ ਲਈ ਬੋਧੀ ਸਾਹਿਬ ਚੁਣੇ ਤਾਂ ਗਏ ਪਰ ਕੋਈ ਐਸੀ ਭਸੂੜੀ ਪਈ ਕਿ ਉਹ ਬੁਲਾਏ ਨਾ ਗਏ। ਇਸੇ ਤਰ੍ਹਾਂ ਓਲੰਪਿਕ ਟੀਮ ਨੂੰ ਕੋਚ ਕਰਨ ਦਾ ਐਲਾਨ ਵੀ ਹੋਇਆ ਪਰ......

ਬੇਦੀ ਸਾਹਿਬ ਬਾਵਜੂਦ ਕਮਜ਼ੋਰੀ ਦੇ ਵਾਰਤਾਲਾਪ ਕਰ ਰਹੇ ਸਨ। ਅਸੀਂ ਹੋਰ ਸਵਾਲ ਪੁਛੇ, ਉਹਨਾਂ ਨੇ ਬੜੇ ਪਰੇਮ ਨਾਲ ਉਤਰ ਦਿਤੇ।

ਤੁਹਾਡੇ ਅਗੋਂ ਬੱਚੇ ਕੀ ਕਰ ਰਹੇ ਹਨ ?

—"ਮੈਂ ਆਪ ਤਾਂ ਬਹੁਤੀ ਪੜ੍ਹਾਈ ਨਹੀਂ ਕਰ ਸਕਿਆ ਪਰ ਮੈਂ ਆਪਣੇ ਬਚਿਆਂ ਨੂੰ ਉਚੀ ਤਾਲੀਮ ਦਵਾਉਣ ਦਾ ਯਤਨ ਕੀਤਾ ਹੈ। ਵੱਡਾ ਲੜਕਾ ਭੁਪਿੰਦਰ ਸਿੰਘ ਐਮ. ਏ. ਹੈ, ਐਨ. ਆਈ. ਐਸ. ਕੋਚ ਹੈ, ਮਹਿਕਮਾ ਸਪੋਰਟਸ ਵਿਚ ਆਫੀਸਰ ਹੈ। ਸ: ਉਮਰਾਓ ਸਿੰਘ ਸਪੋਰਟਸ ਮੰਤਰੀ ਅਤੇ ਸ: ਬਲਬੀਰ ਸਿੰਘ ਸਪੋਰਟਸ ਡਾਇਰੈਕਟਰ ਨੇ ਬਹੁਤ ਮੇਹਰ-ਬਾਨੀ ਕੀਤੀ ਹੈ।

ਲੜਕੀ ਐਮ. ਏ. ਹੈ ਅਤੇ ਸਿਧਵਾਂ ਖ਼ੁਰਦ ਵਿਚ ਲੈਕਚਰਾਰ ਹੈ।

ਛੋਟਾ ਲੜਕਾ ਐਮ. ਏ. ਪਾਰਟ I ਕਰ ਚੁਕਾ ਹੈ ਏਅਰ ਫੋਰਸ ਵਿਚ ਦਿਲਚਸਪੀ ਰਖਦਾ ਹੈ।"

ਤੁਹਾਡੇ ਜੀਵਨ ਦਾ ਮਾਯੂਸਕੁਨ ਦਿਨ ਅਤੇ ਸ਼ਾਨਾ ਭਰਪੂਰ ਦਿਨ ਕਿਹੜਾ ਕਿਹੜਾ ਸੀ ?

—1962 ਵਿਚ ਮੈਂ ਭਾਰਤੀ ਟੀਮ ਨਾਲ ਜਕਾਰਤਾ ਏਸ਼ੀਅਨ ਖੇਡਾਂ ਸਮੇਂ ਗਿਆ। ਪਾਕਿਸਤਾਨ ਨਾਲ ਫਾਈਨਲ ਮੈਚ ਸੀ। ਇਹ ਸਾਡੇ ਲਈ ਜ਼ਿੰਦਗੀ ਮੌਤ ਦਾ ਸਵਾਲ ਸੀ। ਦੂਸਰੇ ਮਿੰਟ ਵਿਚ ਹੀ ਸੈਂਟਰ ਹਾਫ ਚਰਨਜੀਤ ਦੀ ਨੱਕ ਤੇ ਬਾਲ ਵੱਜਾ ਤੇ ਉਹ ਮੈਚ ਤੋਂ ਬਾਹਰ ਹੋ ਗਏ ਉਦੋਂ ਖਿਡਾਰੀ ਬਦਲਣ ਦਾ ਰੂਲ ਨਹੀਂ ਸੀ ਅਸੀਂ ਦਸ ਖਿਲਾੜੀਆਂ ਨਾਲ ਹੀ ਖੇਲੇ। ਸਾਡੀ ਖੇਡ ਚੰਗੀ ਨਾ ਹੋ ਸਕੀ ਅਸੀਂ 0 –2 ਤੇ ਹਾਰ ਗਏ। ਪਾਕਿਸਤਾਨ ਦੇ ਮਿ: ਦਾਰਾ ਆਣ ਕੇ ਕਹਿਣ ਲਗੇ "ਇਹ ਇਕ ਪਾਸੜ ਖੇਡ ਹੋਈ ਹੈ" ਭਾਵ ਪਾਕਿਸਤਾਨ ਬਹੁਤ ਵਧੀਆ ਖੇਡਿਆ ਤੇ ਭਾਰਤ ਵਲੋਂ ਮੁਕਾਬਲਾ ਨਹੀਂ ਹੋਇਆ —ਇਹ ਮੇਰੇ ਵਾਸਤੇ ਬਹੁਤ ਮਾਯੂਸਕੁਨ ਦਿਨ ਸੀ।

1975 ਵਰਲਡ ਕੱਪ ਦਾ ਫਾਈਨਲ ਮੇਰਾ ਸਭ ਤੋਂ ਹੁਸੀਨ ਤੇ ਸੁਨਿਹਰੀ ਦਿਨ ਸੀ। ਇਸ ਦਿਨ ਵੀ ਇਕ ਪਾਸੜ ਗੇਮ ਸੀ। ਭਾਰਤ ਬਹੁਤ ਤਗੜਾ ਖੇਲਿਆ ਅਤੇ ਪਾਕਿਸਤਾਨ ਬਹੁਤ ਮਾੜਾ। ਉਸ ਦਿਨ ਦੀ ਖੁਸ਼ੀ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਮੁੰਡਿਆਂ ਨੇ ਹਾਕੀਆਂ, ਵਰਦੀਆਂ, ਜੁਰਾਬਾਂ, ਬੂਟ ਲਾਹ ਕੇ ਸੁਟ ਦਿਤੇ ਅਤੇ ਇਹਨਾਂ ਚੀਜ਼ਾਂ ਨੂੰ ਪਬਲਿਕ ਇਸ ਤਰ੍ਹਾਂ ਟੁੱਟ ਕੇ ਪਏ। ਕਿ ਕਿਸੇ ਦੇ ਹੱਥ ਲੀਰ ਵੀ ਨਾ ਆਈ ਹੋਵੇ। ਅਸੀਂ ਤਿਰੰਗਾ ਲੈ ਕੇ ਸਾਰੀ ਗਰਾਊਂਡ ਦੇ ਦੁਆਲੇ ਘੁੰਮੇ, ਲੋਕਾਂ ਦੇ ਅਥਾਹ ਸਮੂਹ ਨੇ ਸਾਡਾ ਸੁਆਗਤ ਕੀਤਾ!

(ਇਹਨਾਂ ਹੁਸੀਨ ਸਮਿਆਂ ਦੀਆਂਤਸਵੀਰਾਂ ਵੀ ਦਿਖਾਈਆਂ)

ਸਭ ਤੋਂ ਵਧੀਆ ਟਰੇਨਿੰਗ ਕੈਂਪ ?

-- ਚੰਡੀਗੜ੍ਹ : ਇਹੋ ਜਿਹਾ ਕੈਂਪ ਨਾ ਲਗਾ ਹੈ ਅਤੇ ਨਾ ਹੀ ਲਗੇਗਾ। ਲਗਭਗ ਚਾਰ ਪੰਜ ਹਜ਼ਾਰ ਲੋਕ ਰੋਜ਼ ਟਰੇਨਿੰਗ ਦੇਖਣ ਆਉਂਦੇ ਸਨ।

ਹਰ ਪ੍ਰਕਾਰ ਦਾ ਵਧੀਆ ਪ੍ਰਬੰਧ ਸੀ। ਸ: ਬਲਬੀਰ ਸਿੰਘ ਸਾਡੇ ਹੀ ਮਹਿਕਮੇ ਦੇ ਸੀਨੀਅਰ ਸਨ ਉਹ ਮੈਨੇਜਰ ਸਨ ਉਹਨਾਂ ਨੇ ਵੀ ਕੋਚਿੰਗ ਵੇਲੇ ਹਰ ਪ੍ਰਕਾਰ ਦਾ ਸਹਿਯੋਗ ਦਿਤਾ।

ਕੋਚਿੰਗ ਵੇਲੇ ਕਿਹੜੀਆਂ ਗੱਲਾਂ ਦਾ ਧਿਆਨ ਰਖਦੇ ਹੋ ?

—ਕੋਚ ਦਾ ਕੰਮ ਫੀਲਡ ਅਤੇ ਫੀਲਡ ਤੋਂ ਬਾਹਰ ਵੀ ਹੁੰਦਾ ਹੈ। ਦਿਲ ਵੀ ਦਿਮਾਗ ਵੀ ਵਰਤਣਾ ਪੈਂਦਾ ਹੈ। ਚੰਡੀਗੜ੍ਹ ਕੈਂਪ ਵਿਚ ਬਹੁਤ ਸਾਰੀਆਂ ਲੜਕੀਆਂ ਵੀ ਖੇਡ ਦੇਖਣ ਆਉਂਦੀਆਂ ਸਨ। ਅਸੀਂ ਲੜਕਿਆਂ ਦੇ ਉਹਨਾਂ ਨਾਲ ਗੱਲਬਾਤ ਕਰ ਲੈਣ ਨੂੰ ਬੁਰਾ ਨਹੀਂ ਮਨਾਇਆ, ਸਗੋਂ ਇਸ ਗਲ ਦਾ ਲੜਕਿਆਂ ਦੀ ਖੇਡ ਤੇ ਬਹੁਤ ਅੱਛਾ ਅਸਰ ਪਿਆ ਕਿ ਜੇ ਉਹ ਮਾੜੇ ਖੇਡੇ ਤਾਂ ਕਿਸੇ ਪੁਛੱਣਾ ਨਹੀਂ। ਵਾਪਸੀ ਤੇ ਲੜਕੀਆਂ ਵਲੋਂ ਸੁਆਗਤ ਵੀ ਬਹੁਤ ਹੋਇਆ।

ਮਲੇਸ਼ੀਆ ਵਿਰੁਧ ਮੈਚ ਵਿਚ ਸਾਡੀਆਂ ਸ਼ਾਟਾਂ ਠੀਕ ਨਹੀਂ ਸਨ ਜਾ ਰਹੀਆਂ ਮੈਂ ਤੇ ਸ: ਬਲਬੀਰ ਸਿੰਘ ਨੇ ਅਸਲਮ ਨੂੰ ਭੇਜਣ ਦਾ ਫੈਸਲਾ ਕੀਤਾ ਪਰ ਬਾਹਰ ਕਿਸ ਨੂੰ ਬੁਲਾਈਏ ਇਸ ਫੈਸਲੇ ਨੇ ਸਾਡਾ ਕੁਝ ਸਮਾਂ ਲਿਆ। ਅਤੇ ਅਸਾਂ ਇਹ ਸੋਚਿਆ ਕਿ ਜੇ ਸੁਰਜੀਤ ਦੀ ਕੋਈ ਸ਼ਾਟ ਅੰਦਰ ਚਲੀ ਗਈ ਤਾਂ ਕੰਮ ਬਣ ਸਕਦਾ ਹੈ। ਅਸੀਂ ਕਿੰਡੋ ਨੂੰ ਬਾਹਰ ਬੁਲਾਇਆ। ਕਰਨਾ ਰੱਬ ਦਾ ਕਿ ਅਸਲਮ ਨੇ ਜਾਂਦਿਆਂ ਹੀ ਗੋਲ ਕਰ ਕੇ ਨਾਮਣਾ ਪੈਦਾ ਕਰ ਲਿਆ।

ਖਿਲਾੜੀਆਂ ਦੀ ਤਬੀਅਤ, ਖੇਡਣ ਢੰਗ ਜਾਣ ਕੇ ਉਹਨਾਂ ਨੂੰ ਆਪਣੇ ਵਿਸ਼ਵਾਸ ਵਿਚ ਰੱਖ ਕੇ ਯੋਗ ਫੈਸਲੇ ਕਰਕੇ ਅਤੇ ਪ੍ਰਮਾਤਮਾ ਦੀ ਕਿਰਪਾ ਤੇ ਭਰੋਸਾ ਰਖਣਾ ਪੈਂਦਾ ਹੈ।

ਕੁਆਲਾਲੰਪੁਰ ਅਤੇ ਮਾਂਟਰੀਅਲ ਵਿਚ ਫਰਕ ?

ਕੁਆਲਾਲੰਮਪੁਰ ਵਿਚ ਪਰਮਾਤਮਾ ਦੀ ਕ੍ਰਿਪਾ ਨਾਲ ਸਭ ਕੁਝ ਠੀਕ ਸੀ । ਟਰੇਨਿੰਗ ਤੋਂ ਲੈ ਕੇ ਅੰਤ ਤਕ ਸਾਰੀ ਟੀਮ ਅਤੇ ਅਧਿਕਾਰੀਆਂ ਦਾ ਬਹੁਤ ਸਹਿਯੋਗ ਰਿਹਾ ਸਾਡੇ ਵਿਚ ਸਾਰੇ ਧਰਮਾਂ ਨੂੰ ਮੰਨਣ ਵਾਲੇ ਸੀ । ਅਸੀਂ ਸਾਰੇ ਹੀ ਮੰਦਰ ਮਸਜਦ ਗਿਰਜੇ ਅਤੇ ਗੁਰਦਵਾਰੇ ਗਏ । ਜਦੋਂ ਅਸੀਂ ਮਸਜਦ ਤੋਂ ਹੋ ਕੇ ਵਾਪਸ ਆ ਰਹੇ ਸੀ ਤਾਂ ਪਾਕਿ-ਸਤਾਨੀ ਖਿਡਾਰੀ ਵੀ ਨਾਲ ਹੀ ਸਨ ਤਾਂ ਇਕ ਬਜ਼ੁਰਗ ਮੁਸਲਮਾਨ, ਜੋ ਉਸੇ ਹੀ ਮਸੀਤ ਵਿਚੋਂ ਆ ਰਿਆ ਸੀ, ਨੇ ਆ ਕੇ ਸਾਨੂੰ ਆਖਿਆ ਕਿ ਸਰਦਾਰ ਜੀ ਆਪ ਮਸਜਦ ਮੇਂ ਕਿਆ ਕਰਨੇ ਗਏ । ਅਸਾਂ ਕਿਹਾ ਖੁਦਾ ਕਾ ਘਰ ਸਭ ਕਾ ਹੋਤਾ ਹੈ ਇਬਾਦਤ ਕੇ ਲੀਏ ਗਏ ਤਾਂ ਉਹ ਕਹਿਣ ਲਗਾ ਕਿ ਜਿਤ ਤੁਹਾਡੀ ਹੀ ਹੋਵੇਗੀ । ਭਾਵ ਇਹ ਕਿ ਟੀਮ ਇਕ ਜਾਨ ਹੋ ਕੇ ਰਹੀ ।

ਮਾਂਟਰੀਅਲ ਵਿਚ ਨਾਕਾਮੀ ਪਿਛੋਂ ਹੁਣ ਸਮਾਂ ਬਹਿਸ ਦਾ ਨਹੀਂ ਅਗੋਂ ਲਈ ਸੋਚਣ ਅਤੇ ਕੰਮ ਕਰਨ ਦਾ ਹੈ । ਲਕੀਰ ਪਿਟਣ ਦਾ ਕੋਈ ਫਾਇਦਾ ਨਹੀਂ, ਆਮ ਪਰਚਿਆਂ ਵਿਚ ਨੁਕਤਾਚੀਨੀ ਕੀਤੀ ਜਾਂਦੀ ਹੈ ਇਸ ਨਾਲ ਪਲੇਅਰਾਂ ਦੇ ਦਿਲ ਟੁਟੱਦੇ ਹਨ । ਕੋਈ ਨਹੀਂ ਚਾਹੁੰਦਾ ਕਿ ਅਸੀਂ ਮਾੜਾ ਖੇਲੀਏ । ਮੈਂ ਚਾਹੁੰਦਾ ਹਾਂ ਕਿ ਸਾਰੇ ਲੋਕ ਮਿਲ ਬੈਠ ਕੇ ਸੋਚਣ ਤਾਂ ਕਿ ਅਸੀਂ ਉਪਰ ਉਠ ਸਕੀਏ ।

ਐਸਟਰੋ ਟੱਰਫ ਅਤੇ ਖੇਡ ਵਿਧੀ ਬਾਰੇ ਤੁਹਾਡੇ ਖਿਆਲ ?

—ਨੀਊਜ਼ੀਲੈਂਡ ਕੋਲ ਐਸਟਰੋਟੱਰਫ ਨਹੀਂ ਹੈ ਪਰ ਉਹ ਉਲੰਪਿਕ ਚੈਂਪੀਅਨ ਬਣ ਗਏ ਹਨ । ਉਹਨਾਂ ਇਸ ਟੱਰਫ ਤੇ ਪ੍ਰੈਕਟਿਸ ਵੀ ਬਹੁਤ ਥੋੜੀ ਕੀਤੀ ਹੈ ।

ਸਾਨੂੰ ਪਰੰਪਰਾਗਤ ਭਾਰਤੀ ਢੰਗ ਨਾਲ ਖੇਡਣਾ ਚਾਹੀਦਾ ਹੈ । ਇਸ ਵਿਚ ਹੀ ਮੌਕੇ ਅਨੁਸਾਰ ਗੇਮ ਨੂੰ ਸਲੋਅ ਜਾਂ ਤੇਜ਼ ਕਰਕੇ ਅਤੇ ਪਾਸ ਕਰਕੇ ਚੰਗੇ ਨਤੀਜੇ ਕਢਣ ਦੀਆਂ ਸੰਭਾਵ-ਨਾਵਾਂ ਹਨ ।

ਕੋਈ ਹੋਰ ਦਿਲਚਸਪ ਘਟਨਾ ਜਾਂ ਤਲਖ ਯਾਦਗਾਰ ?

— 62 ਵਿਚ ਜਕਾਰਤਾ ਵਿਚ ਹਾਰਨ ਪਿਛੋਂ ਮੈਂ ਕਿਹਾ ਕਿ ਜੇ ਪਤਾ ਹੁੰਦਾ ਕਿ ਟੀਮ ਨੇ ਹਾਰ ਜਾਣਾ ਹੈ ਤਾਂ ਮੈਂ ਕਦੇ ਨਾਲ ਨਾ ਆਉਂਦਾ ।

ਇਸ ਗੱਲ ਦਾ ਅਫਸਰਾਂ ਨੇ ਬਹੁਤ ਬੁਰਾ ਮਨਾਇਆ ਤੇ ਫੇਰ ਇੰਡੀਆ ਨਾਲ ਜਾਣ ਦਾ ਮੌਕਾ ਨਾ ਮਿਲਿਆ ਸਿਨਸੀਅਰ ਆਦਮੀ ਦੀ ਕਦਰ ਬਹੁਤ ਘਟ ਹੈ । ਕਈ ਸਿਨਸੀਅਰ ਹੋਣ ਕਰਕੇ ਹੀ ਪਿਛੇ ਰਹਿ ਗਏ ਹਨ ।

ਸਾਡੀ ਖੇਲ ਨੂੰ ਕਿਹੜੀ ਚੀਜ਼ ਨੁਕਸਾਨ ਪਹੁੰਚਾਂਦੀ ਹੈ ?

—ਪਾਲੇਟਿਕਸ ਨੇ ਬਹੁਤ ਭੱਠਾ ਬੈਠਾਇਆ ਹੈ । ਇਸ ਦੀ ਜੜ੍ਹ ਏਡੀ ਡੂੰਘੀ ਹੈ ਕਿ ਪਤਾ ਨਹੀਂ ਇਸ ਦਾ ਕੀ ਇਲਾਜ ਹੈ—ਅਤੇ ਇਸ ਨੇ ਕਿੰਨਾ ਕੁ ਨੁਕਸਾਨ ਕਰਨਾ ਹੈ ।

? ਤੁਸੀਂ ਪੰਜਾਬ ਸਪੋਰਟਸ ਮਹਿਕਮੇ ਦੇ ਡਿਪਟੀ ਡਾਇ-ਰੈਕਟਰ ਵੀ ਹੋ । ਤੁਹਾਡੇ ਮਹਿਕਮੇ ਵਲੋਂ ਖੇਡਾਂ ਦੀ ਤਰੱਕੀ ਵਾਸਤੇ ਕੀ ਯਤਨ ਹੋ ਰਹੇ ਹਨ ।

—ਪੰਜਾਬ ਸਰਕਾਰ ਅਤੇ ਸਪੋਰਟਸ ਡਾਇਰੈਕਟਰ ਸ: ਬਲਬੀਰ ਸਿੰਘ ਹੋਰਾਂ ਦੀ ਹਰ ਮੁਮਕਨ ਕੋਸ਼ਿਸ਼ ਹੈ ਕਿ ਹਰ ਜਗਾਹ ਸਟੇਡੀ-ਅਮ ਬਣਾਏ ਜਾਣ । ਕੋਚਿੰਗ ਪਰੋਗਰਾਮ ਨੂੰ ਆਪ ਵੇਖਦੇ ਘੋਖਦੇ ਹਨ । ਸਪੋਰਟਸ ਮਨਿਸਟਰ ਸ: ਉਮਰਾਓ ਨਾਲ ਮਿਲਕੇ ਬਹੁਤ ਸੋਚ ਰਹੇ ਹਨ । ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਕਿ ਹਾਕੀ ਲਈ ਪੰਜਾਬ ਵਿਚ ਕੋਚਿੰਗ ਕੈਂਪ ਲਾਏ ਜਾਣ । ਬੀ. ਐਸ. ਐਫ, ਪੰਜਾਬ ਪੁਲੀਸ ਅਤੇ ਯੂਨੀਵਰਸਟੀਆਂ ਲਈ ਅਲੱਗ ਅਲੱਗ ਕੈਂਪ ਲਾਏ ਜਾਣ । ਨਾਲ ਨਾਲ ਸਕੂਲਾਂ ਵਿਚੋਂ ਚੰਗੇ ਲੜਕੇ ਲੈ ਕੇ ਵਿਸ਼ੇਸ਼ ਟਰੇਨਿੰਗ ਦਿਤੀ ਜਾਵੇ । ਸ਼ੁਰੂ ਤੋਂ ਹੀ ਟੈਕਨੀਕ ਸਿਖਾਈ ਜਾਵੇ । ਸਿਖਿਆ ਵਿਭਾਗ ਦੀ ਮਦਦ ਨਾਲ ਐਸਾ ਕਰ ਸਕਾਂਗੇ ਐਸੀ ਆਸ ਹੈ । ਪੰਜਾਬ ਦੀ ਹਾਕੀ ਜੋ ਕਈ ਸਾਲਾਂ ਤੋਂ ਹਾਰ ਰਹੀ ਹੈ ਵਾਸਤੇ ਵੀ ਉਪ-ਰਾਲੇ ਹੋ ਰਹੇ ਹਨ ।

ਤੁਹਾਡੀ ਸੇਹਤ ਹੁਣ ਕਿਵੇਂ ਹੈ ?

— ਟੀਮ ਹਾਰਨ ਤੋਂ ਪਹਿਲਾਂ ਬਲੱਡ ਪਰੈਸ਼ਰ ਸੀ ਨੀਂਦ ਨਾ ਆਈ । ਜਿਸ ਦਿਨ ਟੀਮ ਹਾਲੈਂਡ ਤੋਂ ਹਾਰੀ ਉਸ ਦਿਨ ਪੈਰਾਲਾਈਸਿਜ਼ ਦਾ ਅਟੈਕ ਪਹਿਲੀ ਵਾਰ ਹੋਇਆ । ਡਾ: ਸ਼ਿੰਗਾਰਾ ਸਿੰਘ ਤੇ ਡਾ: ਪਰਮਿੰਦਰ ਸਿੰਘ ਨੇ ਜਿਸ ਚੰਗੇ ਢੰਗ ਨਾਲ ਇਲਾਜ ਕੀਤਾ ਅਤੇ ਕੰਟਰੋਲ ਕਰ ਲਿਆ ਮੈਂ ਇਹਨਾਂ ਦਾ ਬੜਾ ਧਨਵਾਦੀ ਹਾਂ । ਇਕ ਮਹੀਨਾ ਹਸਪਤਾਲ ਰਿਹਾ ਹਾਂ । ਬਾਅਦ ਵਿਚ ਡਾ: ਜੀ. ਐਸ. ਮਾਂਗਟ ਕੋਲ Physical exercise ਵਾਸਤੇ ਸ੍ਰੀ ਚਾਰਲਸ ਦੀ ਮੇਹਰ-ਬਾਨੀ ਨਾਲ ਗਿਆ, ਉਹਨਾਂ ਨੇ ਸਭ ਕੁਝ ਪਰਬੰਧ ਕੀਤਾ ।

ਮਿਲਟਰੀ ਹਸਪਤਾਲ ਵਿਚ ਮੇਰੀ ਟਰੀਟਮੈਂਟ ਦਾ ਪਰਬੰਧ ਸ੍ਰੀ ਚਾਰਲਸ, ਹਰਚਰਨ ਸਿੰਘ ਤੇ ਬਲਬੀਰ ਸਿੰਘ (ਓਲੰਪੀਅਨ) ਦੇ ਸਹਿਯੋਗ ਨਾਲ ਹੋਇਆ ਉਥੇ ਵੀ ਟਰੀਟ-ਮੈਂਟ ਲੈ ਰਿਹਾ ਹਾਂ । ਸ: ਹਰਚਰਨ ਸਿੰਘ(ਮੋਹਨ ਸਿੰਘ ਐਂਡ ਕੋ: ਤੇ ਚਾਰਲਸ ਰੋਜ਼ਾਨਾ ਲੈ ਕੇ ਜਾਂਦੇ ਹਨ ਤੇ ਘਰ ਵਾਪਸ ਛਡ ਕੇ ਜਾਂਦੇ ਹਨ ਇਹਨਾਂ ਸਾਰਿਆਂ ਦਾ ਮੈਂ ਤਹਿ ਦਿਲ ਤੋਂ ਮਸ਼ਕੂਰ ਹਾਂ । ਮੇਰੇ ਹਸਪਤਾਲ ਰਹਿਣ ਦੇ ਦੌਰਾਨ ਸੇਹਤ ਮੰਤਰੀ ਸ: ਬਲਬੀਰ ਸਿੰਘ, ਸਪੋਰਟਸ ਡਾਇਰੈਕਟਰ ਸ: ਬਲਬੀਰ ਸਿੰਘ, ਸ: ਮਿਲਖਾ ਸਿੰਘ ਡਾਇਰੈਕਟਰ, ਸਪੋਰਟਸ ਕਾਊਂਸਲ ਦੇ ਸਕੱਤਰ ਸ: ਹਰਨੇਕ ਸਿੰਘ ਜੋਗੀ ਸ੍ਰੀ ਕੇ. ਐਸ. ਬੈਂਸ ਕਮਿਸ਼ਨਰ ਜਲੰਧਰ ਡਵੀਜ਼ਨ, ਸ੍ਰੀ ਆਨੰਦ ਡੀ. ਆਈ. ਜੀ. ਅਤੇ ਹੋਰ ਬਹੁਤ ਸਾਰੇ ਸਜਣ, ਐਮ. ਐਲ. ਏਜ਼. ਸਾਹਿਬਾਨ, ਹਾਕੀ ਸਟੂਡੈਂਟਸ ਲੜਕੇ ਅਤੇ ਲੜਕੀਆਂ ਮੈਨੂੰ ਹਰ ਰੋਜ਼ ਮਿਲਣ ਆਉਂਦੇ ਰਹੇ । ਇਹਨਾਂ ਤੇ ਹੋਰ ਸਾਰਿਆਂ ਸਨੇਹੀਆਂ ਦੀ ਆਸ਼ੀਰਵਾਦ ਸਦਕਾ ਮੈਂ ਬਹੁਤ ਜਲਦੀ ਦੁਬਾਰਾ ਬਿਹਤਰ ਹੋ ਰਿਹਾ ਹਾਂ ।

ਘੁਣਤਰਾਂ :

ਦਾਸਤਾਨ-ਏ-ਸ਼ਾਇਰ

—ਦਲਬੀਰ

ਦੁਨੀਆਂ ਵਿਚ ਦੋ ਗੱਲਾਂ ਬਹੁਤ ਖਤਰਨਾਕ ਸਿੱਧ ਹੋ ਸਕਦੀਆਂ ਹਨ। ਪਹਿਲੀ ਘੋੜੇ ਦੀ ਪਿਛਾੜੀ ਖੜਨਾ ਤੇ ਦੂਜੀ ਅਫਸਰਾਂ ਦੀ ਅਗਾੜੀ। ਗੋਇਆ ਅਫਸਰ ਦੀ ਅਗਾੜੀ ਘੋੜੇ ਦੀ ਪਿਛਾੜੀ ਵਰਗੀ ਹੋ ਗਈ ਤੇ ਜਾਂ ਫਿਰ ਘੋੜੇ ਦੀ ਪਿਛਾੜੀ ਦਾ ਮੁਹਾਂਦਰਾ ਅਫਸਰ ਦੀ ਅਗਾੜੀ ਨਾਲ ਮਿਲਦਾ ਜੁਲਦਾ ਹੋਇਆ। ਪਰ ਕੁਝ ਗੱਲਾਂ ਇਨ੍ਹਾਂ ਨਾਲੋਂ ਵੀ ਵਧੇਰੇ ਖਤਰਨਾਕ ਅਤੇ ਤਸੀਹਾ ਦੇਣ ਵਾਲੀਆਂ ਹੋ ਸਕਦੀਆਂ ਹਨ। ਇਨ੍ਹਾਂ ਵਿਚੋਂ ਦੋ ਦੀ ਮੈਂ ਚਰਚਾ ਕਰ ਸਕਦਾ ਹਾਂ; ਪਰ ਤੀਜੀ ਦਾ ਜ਼ਿਕਰ ਕਰਨ ਦਾ ਵੀ ਹੀਆ ਨਹੀਂ ਕਰ ਸਕਦਾ, ਕਿਉਂਕਿ ਮੈਨੂੰ ਉਹ ਦਿਨ ਹਾਲੇ ਵੀ ਚਿੱਟੇ ਦਿਨ ਵਾਂਗ, ਮਸ਼ੂਕ ਦੇ ਖੱਤ ਵਾਂਗ, ਥਾਣੇਦਾਰ ਦੀ ਮਾਰ ਅਤੇ ਆਪੇ ਲਿਖੀ ਉਸ ਕੱਚ-ਘਰੜ ਕਵਿਤਾ ਵਾਂਗ ਚੇਤੇ ਹੈ, ਜਿਸ ਨੂੰ ਮੈਂ ਦੁਨੀਆਂ ਦੀ ਸਭ ਤੋਂ ਬਿਹਤਰੀਨ ਕਵਿਤਾ ਕਹਿੰਦਾ ਹਾਂ, ਜਿਸ ਦਿਨ ਮੇਰੇ ਬਾਪੂ ਨੇ ਮੈਨੂੰ ਤੇ ਮੇਰੇ ਛੋਟੇ ਭਰਾ ਨੂੰ ਨੰਗਿਆਂ ਕਰਕੇ ਬੂਹਿਉਂ ਬਾਹਰ ਕੱਢ ਦਿਤਾ ਸੀ ਅਤੇ ਅਸੀਂ ਦੋਵੇਂ ਭਰਾ ਬੂਹੇ ਦੀਆਂ ਮੁਖਾਂ ਨਾਲ ਲਗੇ ਪਤਾ ਨਹੀਂ ਕਿੰਨਾ ਚਿਰ ਰੋਂਦੇ ਰਹੇ ਤੇ ਗਲੀ ਵਿਚ ਆਉਂਦੇ ਜਾਂਦਿਆਂ ਤੋਂ ਆਪਣਾਂ ਨੰਗੇਜ ਢਕਦੇ ਰਹੇ ਸਾਂ। ਉਹ ਤਾਂ ਭਲਾ ਹੋਵੇ ਮਾਈ ਧੰਤੀ ਦਾ ਵਿਚਾਰੀ ਦਾ, ਸੁਰਗਾਂ 'ਚ ਵਾਸਾ ਹੋਵੇ ਜਿਸ ਸਾਨੂੰ ਘਰ ਦੇ ਅੰਦਰ ਜਾਣ ਦਾ ਪ੍ਰਬੰਧ ਕੀਤਾ।

ਹਾਂ ਤੇ, ਜਿਹੜੀਆਂ ਦੋ ਗੱਲਾਂ, ਅਲਬੱਤਾ ਦੋ ਖਤਰਨਾਕ ਗੱਲਾਂ ਦਾ ਮੈਂ ਜ਼ਿਕਰ ਕਰਨ ਲਗਾ ਹਾਂ, ਉਹਨਾਂ ਵਿਚੋਂ ਪਹਿਲੀ ਤਾਂ ਹੈ ਵਿਆਹੇ ਹੋਣ ਦੇ ਬਾਵਜੂਦ ਕਿਸੇ ਹੋਰ ਨਾਲ ਇਸ਼ਕ ਕਰਨ ਦੀ ਕੋਸ਼ਿਸ਼ ਕਰਨਾ। ਕੋਸ਼ਿਸ਼ ਹੀ ਕਹਾਂਗਾ ਕਿਉਂਕਿ ਇਸ਼ਕ ਸਫਲ ਹੋਣ ਤੋਂ ਪਹਿਲਾਂ ਪਹਿਲਾਂ ਪਤਨੀ ਨੂੰ ਇਸ ਦੀ ਬੂ ਆ ਹੀ ਜਾਂਦੀ ਹੈ ਤੇ ਉਹ ਵਿਚਾਰਾ ਅਣਿਆਈ ਮੌਤ ਮਰ ਜਾਂਦਾ ਹੈ ; ਤੇ ਦੂਜੀ ਹੈ ਕਿਸੇ ਕਵੀ ਨਾਲ ਦੋਸਤੀ ਕਰਨਾ। ਇਹਨਾਂ ਵਿਚੋਂ ਪਹਿਲੀ ਵਾਲੀ ਗੱਲ ਤਾਂ ਖੈਰ...ਹੀ...ਹੀ...ਹੀ...ਛੱਡ ਹੀ ਦਿਉ, ਮੈਂ ਏਨਾ ਹੀਆ ਈ ਨਹੀਂ ਕਰ ਸਕਦਾ ਕਿ ਕਿਸੇ ਹੋਰ ਨਾਲ ਇਸ਼ਕ ਕਰ ਸਕਾਂ ਕਿਉਂਕਿ ਮੈਂ ਬਦਕਿਸਮਤੀ ਨੂੰ ਵਿਆਹਿਆ ਹੋਇਆ ਹਾਂ (ਜਿਹੜੇ ਪਾਠਕ ਪਾਠਕਾਵਾਂ ਦਾ ਹਾਉਕਾ ਨਿਕਲਿਆ ਹੋਵੇ, ਉਹਨਾਂ ਦਾ ਬਹੁਤ ਬਹੁਤ ਸ਼ੁਕਰੀਆ)। ਤੇ ਜੇ ਕਰ ਵੀ ਲਵਾਂ ਤਾਂ ਮੈਂ ਕੋਈ ਏਨਾ ਈ ਬੇਵਕੂਫ ਹਾਂ ਕਿ ਉਹ ਤੁਹਾਨੂੰ ਦੱਸ ਦਿਆਂ ਤੇ ਤੁਸੀਂ ਫੇਰ ਮੇਰੀ ਬੀਵੀ ਨੂੰ ਜਾ ਦੱਸੋ –ਨਾ ਬਈ ਇਹ ਗੱਲ ਨਹੀਂ ਹੋ ਸਕਦੀ।

ਹਾਂ, ਦੂਜੀ ਗੱਲ ਬਾਰੇ ਮੈਂ ਜ਼ਰੂਰ-ਬਰ-ਜ਼ਰੂਰ ਕਹਾਂਗਾ। ਇਹ ਮੇਰੀ ਖੁਸ਼ਕਿਸਮਤੀ ਕਹੋ ਜਾਂ ਬਦਕਿਸਮਤੀ, ਮੇਰੇ ਕਈ ਕਾਫੀਆ-ਚੋਰ, ਹੈਡਿੰਗ-ਚੋਰ, ਸ਼ੇਅਰ-ਚੋਰ ਇਥੋਂ ਤਕ ਕਿ ਪੂਰੀ ਦੀ ਪੂਰੀ ਗਜ਼ਲ-ਚੋਰ ਸ਼ਾਇਰ ਹਨ. ਜਿਹੜੇ ਹਰ ਰੋਜ਼ ਇਸ ਗਰੀਬ ਨੂੰ ਆਪਣੇ ਨਵੇਂ ਚੋਰੀ ਕੀਤੇ ਸ਼ੇਅਰਾਂ ਨਾਲ ਨਿਵਾਜਦੇ ਹਨ। ਉਹਨਾਂ ਵਿਚੋਂ ਇਕ ਸ਼ਾਇਰ ਨੇ ਇਕ ਦਿਨ ਸ਼ੇਅਰ ਸੁਣਾਇਆ :

"ਹਾਏ, ਇਸ਼ਕ ਨੇ ਕਰ ਦਿਤਾ ਹੈ ਨਿਕੰਮਾ
ਨਹੀਂ ਤਾਂ ਬੜੇ ਕੰਮ ਦੀ ਚੀਜ਼ ਸੀ 'ਘਾਇਲ'

ਮੈਂ ਵਾਹ ਵਾਹ ਕਰ ਦਿਤੀ, ਪਰ ਨਾਲ ਹੀ ਉਸ ਨੂੰ ਕਿਹਾ :

"ਮੀਆਂ ਘਾਇਲ ਸਾਹਿਬ, ਗ਼ਾਲਿਬ ਦਾ ਇਕ ਸ਼ੇਅਰ ਵੀ ਇਸ ਤਰ੍ਹਾਂ ਦਾ ਹੈ।"

"ਉਹ ਕਿਹੜਾ ?" ਉਹਨਾਂ ਭੋਲੇਪਣ ਵਿਚ ਪੁਛਿਆ ।

"ਇਸ਼ਕ ਨੇ ਗ਼ਾਲਿਬ ਨਿਕੰਮਾ ਕਰ ਦੀਆ
ਵਰਨਾ ਆਦਮੀ ਹਮ ਭੀ ਥੇ ਕਾਮ ਕੇ।"

ਮੈਂ ਸ਼ੇਅਰ ਸੁਣਾਇਆ ਤਾਂ ਜਨਾਬ ਘਾਇਲ ਸਾਹਿਬ ਸਚਮੁਚ ਘਾਇਲ ਵਾਂਗ ਤੜਫਣ ਲਗ ਪਏ; ਮੂੰਹ ਵਿਚੋਂ ਝੱਗ ਨਿਕਲਣ ਲਗ ਪਈ (ਆਮ ਤੌਰ ਤੇ ਹਰ ਸ਼ਾਇਰ ਦੀ ਚੋਰੀ ਫੜੀ ਜਾਣ ਮਗਰੋਂ ਇਹੀ ਹਾਲਤ ਹੁੰਦੀ ਹੈ—ਸੋ ਘਬਰਾਉਣ ਦੀ ਲੋੜ ਨਹੀਂ) ਤੇ ਨਾਸਾਂ ਥਾਣੀਂ ਫੂੰਕਾਰੇ ਮਾਰਦੇ ਹੋਏ ਐਲਾਨ ਕੀਤਾ :

"ਜਨਾਬ, ਸ਼ੇਰਵਾਨੀ ਕੋਟ ਫਤੂਰੀ ਸਾਹਿਬ, ਇਹ ਗ਼ਾਲਿਬ ਕਿਸ ਚਿੜੀ ਦਾ ਨਾਮ ਹੈ ਤੇ ਇਹ ਰਹਿੰਦਾ ਕਿਥੇ ਹੈ ? ਮੈਂ ਉਸ ਨਾਚੀਜ਼, ਗੜੇ ਗਾਲਿਬ ਵਿਰੁਧ ਮੁਕੱਦਮਾ ਕਰਾਂਗਾ, ਉਹਨੂੰ ਪਤਾ ਲਗਣਾ ਚਾਹੀਦਾ ਹੈ ਕਿ ਸ਼ਾਇਸਤਾ ਸ਼ਾਇਰਾਂ ਦੇ ਸ਼ੇਅਰ ਚੋਰੀ ਕਰਨ ਦਾ ਕੀ ਅੰਜਾਮ ਹੁੰਦਾ ਹੈ।"

ਇਸ ਤਰ੍ਹਾਂ ਦੇ ਸਾਕੇ ਆਮ ਹੁੰਦੇ ਰਹਿੰਦੇ ਹਨ। ਗ਼ਾਲਿਬ ਘਾਇਲ ਸਾਹਿਬ ਦੇ ਸ਼ੇਅਰ ਚੋਰੀ ਕਰਦੇ ਹਨ ਤਾਂ ਫ਼ੈਚ ਅਹਿਮਦ ਫ਼ੈਜ਼ ਦਿਲਬਰ ਸਾਹਿਬ ਦੀ ਨਕਲ ਮਾਰਦੇ ਹਨ। ਜੇ ਮੀਤ ਜਾਂ ਜ਼ੌਕ ਗਰੀਬ ਮੀਰਪੁਰੀ ਤੇ ਲਾਟ ਚੂਹੜ-ਚੱੜਵੀਂ ਦੀਆਂ ਗ਼ਜ਼ਲਾਂ 'ਚੋਂ ਚੋਣਵੇਂ ਸ਼ੇਅਰ ਚੋਰੀ ਕਰ ਲੈਂਦੇ ਹਨ ਤਾਂ ਇਕਬਾਲ ਅਤੇ ਜਿਗਰ ਕੱਕੜ ਪਹਿਲਵੀ ਅਤੇ ਦੁੱਗੀ ਜੰਡਿਆਲਵੀ ਦੀਆਂ ਸਗਵੀਆਂ ਦੀਆਂ ਸਗਵੀਆਂ ਗਜ਼ਲਾਂ ਚੁਕ ਕੇ ਆਪਣੇ ਨਾਮ ਹੇਠ ਛਪਵਾ ਲੈਂਦੇ ਹਨ। ਹੁਣ ਇਹਨਾਂ ਸਾਰੇ ਬਿਹਤਰੀਨ ਸ਼ਾਇਰਾਂ, ਘਾਇਲ ਸਾਹਿਬ ਦਿਲਬਰ ਸਾਹਿਬ, ਗਰੀਬ ਮੀਰਪੁਰੀ, ਲਾਟ ਚੂਹੜਚੱੜਵੀ, ਵਗੈਰਾ ਵਗੈਰਾ, ਜਿਹੜੇ ਸਬੱਬ ਨਾਲ ਮੇਰੇ ਮਿਤਰ ਵੀ ਹਨ, ਇਹ ਫੈਸਲਾ ਕਰ ਲਿਆ ਹੈ ਕਿ ਉਹ ਲਗਦੇ ਵਾਹ ਆਪ-ਣੀਆਂ ਰਚਨਾਵਾਂ ਰਸਾਲਿਆਂ ਅਖਬਾਰਾਂ ਵਿਚ ਨਹੀਂ ਛਪਵਾਉਣਗੇ ਤੇ ਸਿਰਫ ਮੇਰੇ ਉਤੇ ਹੀ ਕਰਮ ਫੁਰਮਾਉਣਗੇ ਤਾਂ ਜੋ ਕੋਈ ਉਨ੍ਹਾਂ ਦੀ ਚੋਰੀ ਨਾ ਕਰ ਸਕੇ। ਹੋ ਸਕੇ ਤਾਂ ਮੇਰੇ ਨਾਲ ਭੋਰਾ ਕੁ ਹਮਦਰਦੀ ਜ਼ਰੂਰ ਜਤਾਉਣੀ (ਭਾਵੇਂ ਜ਼ਬਾਨੀ ਕਲਾਮੀ ਹੀ ਸਹੀ, ਨਹੀਂ ਤਾਂ ਮੈਂ ਆਪਣੇ ਕੁਝ ਸ਼ਾਇਰ ਮਿਤੱਰਾਂ ਨੂੰ ਤੁਹਾਡੇ ਘਰ ਦੇ ਪਤੇ ਦੱਸ ਦੇਵਾਂਗਾ।)

ਸ਼ਾਇਰੀ ਤੇ ਸ਼ਾਇਰਾਂ ਨਾਲ ਮੇਰੀਆਂ ਬਹੁਤ ਯਾਦਾਂ ਜੁੜੀਆਂ ਹੋਈਆਂ ਹਨ। ਜਦੋਂ ਮੈਂ ਜੰਮਿਆ ਤਾਂ ਮੇਰੇ ਪਿਤਾ ਨੇ ਪੱਤਰੀ ਬਣਵਾ ਕੇ ਪਾਂਧੇ ਨੂੰ ਪੁੱਛਿਆ ਸੀ ਮੇਰੀ ਕਿਸਮਤ ਦੀਆਂ ਰੇਖਾਵਾਂ ਵਿਚ ਕਿੰਨਾ ਵੱਡਾ ਅਫ਼ਸਰ ਹੋਣਾ ਲਿਖਿਆ ਹੈ। ਉਂਜ ਵੀ ਜਦੋਂ ਵੀ ਕਿਸੇ ਦੇ ਘਰ ਪੁਤਰ ਜਨਮ ਲੈਂਦਾ ਹੈ ਤਾਂ ਮਾਪੇ ਇਹੀ ਸੋਚਦੇ ਹਨ ਕਿ ਇਹ ਵੱਡਾ ਹੋ ਕੇ ਅਫਸਰ ਬਣੇਗਾ ਤੇ ਫੇਰ ਉਹ ਆਪਣੇ ਗੁਆਂਢੀ, ਜਿਸ ਨਾਲ ਮੁਢ ਕਦੀਮ ਤੋਂ ਇੱਟ ਤੇ ਕੁੱਤੇ ਵਾਲਾ ਵੈਰ ਬਣਿਆ ਹੋਇਆ ਹੈ, ਨੂੰ ਧਮਕੀ ਦੇ ਸਕਣਗੇ ਕਿ ਉਹ ਆਪਣੇ ਪੁਤਰ ਨੂੰ ਕਹਿ ਕੇ ਉਨ੍ਹਾਂ ਦਾ ਹੁੱਕਾ ਪਾਣੀ ਬੰਦ ਕਰਵਾ ਦੇਣਗੇ। ਪਰ ਜਦੋਂ ਪਾਂਧੇ ਨੇ ਦਸਿਆ ਕਿ ਉਨ੍ਹਾਂ ਦਾ ਵੱਡਾ ਪੁਤਰ ਕਵੀ ਤੇ ਲਿਖਾਰੀ ਬਣੇਗਾ ਤਾਂ ਮੇਰੀ ਮਾਂ ਨੇ ਦੋਹੱਥੜੀ ਪਿੱਟਣਾ ਸ਼ੁਰੂ ਕਰ ਦਿਤਾ :

"ਹਾਇਆ ਵੇ ਰੱਬ', ਅਸੀਂ ਤੇਰੇ ਕੀ ਮਾਂਹ ਪੁੱਟੇ ਲਏ ਸੀ, ਜੋ ਤੈਂ ਸਾਡੇ ਘਰ ਕਵੀ ਭੇਜ ਦਿਤਾ। ਵੇ ਰੱਬਾ, ਤੇਨੂੰ ਸਾਡੇ ਨਾਲ ਹੀ ਕੀ ਦੁਸ਼ਮਣੀ ਸੀ ਜੋ ਤੈਂ ਸਾਡੇ ਨਾਲ ਵੈਰ ਕਮਾਇਆ। ਤੂੰ ਏਸ ਕਵੀ ਨੂੰ ਸਾਡੇ ਗੁਆਂਢੀ ਰਾਮ ਲਾਲ ਦੇ ਘਰ ਕਿਉਂ ਨਾ ਭੇਜ ਦਿਤਾ !"

ਪਾਂਧੇ ਨੇ ਰੋਣਾ ਪਿੱਟਣਾ ਸੁਣ ਕੇ ਉਪਾ ਦਸਿਆ ਕਿ ਬਲਾ ਟਲ ਸਕਦੀ ਹੈ ਜੇਕਰ ਉਸ ਨੂੰ ਪੰਜ ਗਜ ਵਧੀਆ ਖੱਦਰ, ਸਵਾ ਮਣ ਕਣਕ, ਵੀਹ ਸੇਰ ਛੋਲੇ ਤੇ ਇਕ ਗਾਂ ਦਿਤੀ ਜਾਵੇ ਅਤੇ ਫੇਰ ਲਗਾਤਾਰ ਸਵਾ ਸਾਲ ਤਕ ਬਿਨਾਂ ਨਾਗਾ ਹਨੂੰਮਾਨ ਚਾਲੀਸਾ ਪੜ੍ਹਿਆ ਜਾਵੇ। ਉਸ ਦਾ ਵਿਚਾਰ ਸੀ ਕਿ ਜੇਕਰ ਹਨੂੰਮਾਨ ਚਾਲੀਸਾ ਸ਼ਨੀ ਵਰਗੇ ਨਹਿਸ਼ ਨੂੰ ਭਜਾ ਸਕਦਾ ਹੈ ਤਾਂ ਕਵੀ ਮਹਾਸ਼ਾ ਜੀ ਕਿਸ ਬਾਗ ਦੀ ਮੂਲੀ ਹਨ। ਮੇਰੇ ਪਿਤਾ ਨੇ ਇਸ ਬਲਾ ਨੂੰ ਟਾਲਣ ਲਈ ਬਥੇਰੇ ਉਪਾ ਕੀਤੇ, ਪਰ ਕਵਿਤਾ ਦਾ ਵੇਗ ਸ਼ਨੀ ਨਾਲੋਂ ਕਿਤੇ ਤਾਕਤਵਰ ਨਿਕਲਿਆ।

ਜਦੋਂ ਮੈਂ ਵੱਡਾ ਹੋਇਆ ਤਾਂ ਸ਼ਾਇਰਾਂ ਨਾਲ ਮੇਰੀ ਜਾਣ ਪਹਿਚਾਣ ਤੇ ਫਿਰ ਮਿਤਰਤਾ ਹੋ ਗਈ। ਇਕ ਦਿਨ ਸ਼ਾਇਰਾਂ ਦੀ ਇਕ ਟੋਲੀ ਮੇਰੇ ਘਰ (ਅਰਥਾਤ ਮੇਰੇ ਬਾਪ ਦੇ ਘਰ) ਆ ਧਮਕੀ। ਉਨ੍ਹਾਂ ਕਵਿਤਾ ਦੀ ਮਹਿਫਲ ਲਾ ਲਈ। ਮੇਰਾ ਬਾਪ ਬਾਹਰੋਂ ਆਇਆ ਤਾਂ ਘਰ ਵਿਚ ਉਸ ਇਕ ਵੱਖਰਾ ਹੀ ਨਜ਼ਾਰਾ ਦੇਖਿਆ। ਉਸ ਮੇਰੀ ਮਾਂ ਤੋਂ ਪੁਛਿਆ :

"ਗੁੱਲੂ ਦੀ ਮਾਂ, ਇਹ ਸਭ ਕੀ ਹੋ ਰਿਹਾ ਏ ?"

"ਜੀ, ਘਰ ਵਿਚ ਗੁੱਲੂ ਦੇ ਕਵੀ ਦੋਸਤ ਆਏ ਹੋਏ ਨੇ।" ਮੇਰੀ ਮਾਂ ਨੇ ਜਵਾਬ ਦਿਤਾ।

"ਅੱਛਾ, ਇਨ੍ਹਾਂ ਦੀ ਏਨੀ ਹਿੰਮਤ, ਇਹ ਮੇਰੇ ਘਰ ਵਿਚ ਆ ਧਮਕੇ ਨੇ ?" ਉਸ ਇਵੇਂ ਕਿਹਾ ਜਿਵੇਂ ਘਰ ਵਿਚ ਸ਼ਾਇਰ ਨਹੀਂ, ਸਗੋਂ ਚੋਰ ਡਾਕੂ ਆ ਗਏ ਹੋਣ। ਤੇ ਫੇਰ ਉਸ ਨੇ ਡਾਂਗ ਕਢ ਕੇ ਵਰ੍ਹਾਉਣੀ ਸ਼ੁਰੂ ਕਰ ਦਿਤੀ ਤੇ ਉਹ ਡਾਂਗ ਫ਼ੇਰੀ ਕਿ ਸ਼ਾਇਰ ਆਪਣੇ ਦੀਵਾਨ ਛੱਡ ਕੇ ਭੱਜ ਗਏ। ਉਹ ਦੋਸਤ ਹੁਣ ਤਕ ਮਿਹਣਾ ਦਿੰਦੇ ਹਨ ਕਿ ਮੇਰੇ ਬਾਪੂ ਦੀ ਡਾਂਗ ਨੇ ਦੁਨੀਆਂ ਨੂੰ ਬਹੁਤ ਹੀ ਨਾਯਾਬ ਸ਼ਾਇਰੀ ਤੋਂ ਮਹਿਰੂਮ ਕਰ ਦਿਤਾ। ਜੇਕਰ ਉਹ ਕਵਿਤਾਵਾਂ, ਜਿਹੜੀਆਂ ਸਾਡੇ ਘਰ ਦੇ ਚੁਲ੍ਹੇ ਵਿਚ ਪਾਥੀਆਂ ਸੰਗ ਬਲ ਗਈਆਂ ਸਨ, ਅਜ ਮੌਜੂਦ ਹੁੰਦੀਆਂ ਤਾਂ ਪੰਜਾਬੀ ਦਾ ਸਾਹਿਤ ਹੁਣ ਨਾਲੋਂ ਕਿੰਨਾ ਹੀ ਅਮੀਰ ਹੁੰਦਾ।

ਮੇਰੇ ਪਿਤਾ ਨੂੰ ਹਾਲੇ ਵੀ ਆਸ ਸੀ ਕਿ ਸ਼ਾਇਦ ਮੈਂ ਸੁਧਰ ਜਾਵਾਂ। ਉਹ ਮੈਨੂੰ ਜਾਂ ਤਾਂ ਫੌਜ ਵਿਚ ਭੇਜਣਾ ਚਾਹੁੰਦਾ ਸੀ ਤੇ ਜਾਂ ਫਿਰ ਕਿਸੇ ਸਰਕਾਰੀ ਮਹਿਕਮੇ ਵਿਚ। ਮਨ ਮਾਰ ਕੇ ਮੈਂ ਇਕ ਵਾਰ ਫੌਜ ਵਿਚ ਲਫਟੈਣ ਭਰਤੀ ਹੋਣ ਚਲੇ ਗਿਆ। ਜਦੋਂ ਇੰਟਰਵਿਊ ਲੈਣ ਵਾਲੇ ਅਫਸਰ ਨੇ ਮੈਥੋਂ ਪੁਛਿਆ ਕਿ ਮੇਰਾ ਸ਼ੁਗਲ ਕੀ ਹੈ ਤਾਂ ਮੈਂ ਅਗੋਂ ਉਹ ਕਵਿਤਾ ਲਿਖਣਾ ਬਿਆਨ ਕਰ ਦਿਤਾ। ਉਸ ਕਿਹਾ ਮੈਂ ਕੋਈ ਵੰਨਗੀ ਸੁਣਾਵਾਂ। ਬਸ ਇਥੇ ਹੀ ਉਹ ਮਾਰ ਖਾ ਗਿਆ ਤੇ ਇਥੇ ਹੀ ਮੈਂ ਉਸ ਨੂੰ ਪੂਰਾ ਇਕ ਘੰਟਾ ਕਵਿਤਾ ਸੁਣਾਉਂਦਾ ਰਿਹਾ ਤੇ ਉਸ ਨੂੰ ਇਸ ਘੰਟੇ ਦੌਰਾਨ ਬੋਲਣ ਦਾ ਮੌਕਾ ਹੀ ਨਹੀਂ ਦਿਤਾ। ਜਦੋਂ ਮੈਂ ਉਥੋਂ ਅਸਫ਼ਲ ਹੋਣ ਤੇ ਵਾਪਸ ਪਰਤਿਆ ਤਾਂ ਮੈਂ ਆਪਣੀ ਵਿਥਿਆ ਕਵਿਤਾ ਦੇ ਰੂਪ ਵਿਚ ਆਪਣੇ ਪਿਤਾ ਨੂੰ ਇੰਜ ਸੁਣਾਈ :

ਹੁਕਮ ਤੁਸਾਂ ਕੀਤਾ, ਮੈਂ ਗਿਆ ਚਲੇ
ਮੇਰੀ ਰਤਾ ਵੀ ਗਈ ਨਾ ਵਾਹ ਉਥ,
ਕਹਿੰਦੇ ਫੌਜ ਹੈ, ਨਹੀਂ ਹੈ ਚੰਡੂਖਾਨਾ
ਹੁੰਦੀ ਕਵਿਤਾ ਦੀ ਨਹੀਂ ਪਰਵਾਹ ਉਥੇ,
... ...
ਸਿਰ ਸੜਿਆ ਦਾ ਉਥੇ ਹੈ ਬੋਲਬਾਲਾ
ਅਕਲ ਮੰਦਾਂ ਦੇ ਸਿਰ ਸਵਾਹ ਉਥੇ।

ਮੈਂ ਉਨ੍ਹਾਂ ਦਿਨਾਂ ਵਿਚ ਬੀ. ਏ. ਵਿਚ ਪੜ੍ਹਦਾ ਹੁੰਦਾ ਸਾਂ। ਇਸ ਲਈ ਆਪਣੇ ਆਪ ਨੂੰ ਬਹੁਤ ਹੀ ਅਕਲਮੰਦ ਤੇ ਸਿਆਣਾ ਸਮਝਦਾ ਸਾਂ। ਇਸ ਲਈ ਜਦੋਂ ਉਨ੍ਹਾਂ ਮੈਨੂੰ ਸਿਲੈਕਟ ਨਾ ਕਰ ਕੇ ਮੇਰੇ ਬਾਪ ਦੀਆਂ ਆਸਾਂ ਤੇ ਪੱਟੀ ਫੇਰ ਦਿਤੀ ਤਾਂ ਮੈਨੂੰ ਇਉਂ ਲਗਾ ਕਿ ਮੇਰੀ ਕਿਸਮਤ ਵਿਚ ਲਿਖਣ ਵਾਲੇ ਨੇ ਕਵੀ ਹੋਣਾ ਹੀ ਲਿਖਿਆ ਹੈ।

ਯਾਦਾਂ ਤਾਂ ਬਹੁਤ ਨੇ, ਪਰ ਜੇ ਸਾਰੀਆਂ ਲਿਖਣ ਲਗਾਂ ਤਾਂ ਇਕ ਪੂਰਾ ਨਾਵਲ ਬਣ ਜਾਵੇ। ਪਰ ਫਿਰ ਵੀ ਆਪਣੇ ਅੰਦਰਲੇ ਕਵੀ ਨਾਲ ਹੁੰਦੀ ਬਾਬ ਬਾਰੇ ਇਕ ਕਿੱਸਾ ਜ਼ਰੂਰ ਕਹਾਂਗਾ। ਇਹ ਘਟਨਾ ਉਨ੍ਹਾਂ ਦਿਨਾਂ ਦੀ ਹੈ ਜਦੋਂ ਭਾਵੇਂ ਮੇਰੇ ਘਰ ਵਾਲੇ ਬਿਲਕੁਲ ਨਿਰਾਸ਼ ਹੋ ਚੁਕੇ ਸਨ, ਪਰ ਫੇਰ ਵੀ ਕੋਸ਼ਿਸ਼ ਕਰਦੇ ਸਨ ਕਿ ਕਿਸੇ ਨਾ ਕਿਸੇ ਤਰ੍ਹਾਂ ਮੈਂ ਕਵਿਤਾ ਵਲੋਂ ਮੂੰਹ ਮੋੜ ਲਵਾਂ। ਪਰ ਮੈਂ ਧਾਰਮਕ ਕਵਿਤਾਵਾਂ ਤੋਂ ਸ਼ੁਰੂ ਕਰਕੇ ਸੁਧਾਰਵਾਦੀ ਕਵਿਤਾਵਾਂ ਰਾਹੀਂ ਹੁੰਦਾ ਹੋਇਆ ਹੁਣ ਇਸ਼ਕ, ਬਿਰਹਾ, ਮਿਲਣ, ਮਸ਼ੂਕ ਆਦਿ ਦੀ ਵੰਨਗੀ ਤਕ ਅੱਪੜ ਚੁਕਾ ਸਾਂ। ਮੈਂ ਜਦੋਂ ਆਪਣੀ ਪਹਿਲੀ ਮਸ਼ੂਕ ਦੇ ਵਿਆਹ ਬਾਦ ਕਵਿਤਾ ਲਿਖੀ ਤਾਂ ਉਹ ਭੁਲੇਖੇ ਨਾਲ ਮੇਰੇ ਮੇਜ ਤੇ ਪਈ ਰਹਿ ਗਈ। ਕਹਿੰਦੇ ਹਨ ਬੰਦੇ ਦੀ ਜ਼ਿੰਦਗੀ ਦੀ ਇਕ ਗਲਤੀ ਉਸ ਦੇ ਸਾਰੇ ਪੋਲ ਖੋਲ੍ਹ ਦਿੰਦੀ ਹੈ ਤੇ ਉਸ ਲਈ ਅਜਿਹੀ ਹਾਲਤ ਪੈਦਾ ਕਰ ਦਿੰਦੀ ਹੈ, ਜਿਹੜੀ ਉਸ ਨੇ ਕਦੇ ਕਿਆਸੀ ਵੀ ਨਹੀਂ ਹੁੰਦੀ।

ਮੇਰੀ ਉਹ ਕਵਿਤਾ ਇਸ ਪਰਕਾਰ ਸੀ :

ਜੇ ਜੀਵਨ 'ਚ ਮੇਰੇ ਤੂੰ ਆਈ ਨਾ ਹੁੰਦੀ -
ਤਾਂ ਕਦੇ ਵੀ ਇਹ ਜੁਦਾਈ ਨਾ ਹੁੰਦੀ।
ਨਜ਼ਰਾਂ ਜੇ ਕਦੇ ਮਿਲੀਆਂ ਨਾ ਹੁੰਦੀਆਂ
ਤਾਂ ਨਜ਼ਰ ਮੈਂ ਕਦੇ ਝੁਕਾਈ ਨਾ ਹੁੰਦੀ।
ਹਾਸੇ ਜੇ ਬਹੁਤ ਬਖੇਰੇ ਨਾ ਹੁੰਦੇ
ਤਾਂ ਗਮਾਂ ਦੀ ਘਟਾ ਕਦੇ ਛਾਈ ਨਾ ਹੁੰਦੀ।
... ...
ਤੂੰ ਬੇਵਫ਼ਾ ਏਂ ਜੇ ਪਹਿਲਾਂ ਪਤਾ ਹੁੰਦਾ
ਤਾਂ ਨਜ਼ਰ ਮੈਂ ਕਦੇ ਮਿਲਾਈ ਨਾ ਹੁੰਦੀ।
ਪਰ ਮਿਲਕੇ ਜੇ ਕਦੇ ਵਿਛੜੇ ਨਾ ਹੁੰਦੇ
ਤਾਂ ਕਵਿਤਾ ਮੈਂ ਗੁਣ-ਗੁਣਾਈ ਨਾ ਹੁੰਦੀ।

ਜਦੋਂ ਵਾਪਸ ਆਇਆ ਤਾਂ ਮੇਰੀ ਕਵਿਤਾ ਵਾਲੇ ਕਾਗਜ਼ ਲਾਗੇ ਇਕ ਹੋਰ ਕਾਗਜ਼ -ਤੇ ਹੇਠ ਲਿਖੀਆਂ ਸਤਰਾਂ ਲਿਖੀਆਂ ਹੋਈਆਂ ਸਨ :

"ਸ਼ੌਕ ਕਵਿਤਾ ਹੈ ਤੈਨੂੰ ਜੇ ਪਤਾ ਹੁੰਦਾ,
ਤਾਂ ਪੜ੍ਹਾਈ ਤੇਰੇ ਗਲ ਪਾਈ ਨਾ ਹੁੰਦੀ।
ਆਪਣੀ ਆਈ ਤੋਂ ਜੇ ਤੂੰ ਨਹੀਂ ਸੀ ਹਟਦਾ
ਤਾਂ ਦਾਖਲੇ ਦੀ ਰਕਮ ਤੇਰੀ ਮਾਂ ਉਧਾਰੀ ਲਿਆਈ ਨਾ ਹੁੰਦੀ।
ਕਵਿਤਾ ਦਾ ਖਹਿੜਾ ਜੇ ਤੂ ਨਹੀਂ ਛੱਡਣਾ
ਤਾਂ ਕਿਸੇ ਕਵੀ ਨਾਲ ਮੁਲਾਕਾਤ ਕਰਾਈ ਨਾ ਹੁੰਦੀ
ਤੇਰੀ ਮਾਂ ਬਣਾ ਕੇ ਕੜਾਹ ਵੰਡਦੀ
ਤੇ ਮੈਨੂੰ ਮਿਲਦੀ ਵਧਾਈ ਹੁੰਦੀ।

ਭਾਵੇਂ ਮੇਰੇ ਬਾਪ ਨੇ ਮੈਨੂੰ ਬਾਹਰ ਕੱਢ ਕੇ ਘਰ ਦੇ ਬਾਹਰ ਇਹ ਬੋਰਡ ਲਾ ਦਿਤਾ, "ਕਵੀਆਂ ਦਾ ਅੰਦਰ ਆਉਣਾ ਮਨ੍ਹਾਂ ਹੈ", ਫਿਰ ਵੀ ਉਸ ਦੀਆਂ ਲਿਖੀਆਂ ਸਤਰਾਂ ਪੜ੍ਹਕੇ ਮੈਨੂੰ ਏਨੀ ਖੁਸ਼ੀ ਜ਼ਰੂਰ ਹੋਈ ਕਿ ਮੈਂ ਆਪਣੇ ਬਾਪ ਤੇ ਹੀ ਗਿਆ ਹਾਂ। ਮੇਰੀ ਰਾਏ ਹੈ ਕਿ ਜੇਕਰ ਉਸ ਦਾ ਵਿਆਹ ਛੇਤੀ ਨਾ ਹੋਇਆ ਹੁੰਦਾ ਤਾਂ ਅਜ ਨੂੰ ਉਹ ਵੀ ਤਕੜਾ ਸ਼ਾਇਰ ਹੁੰਦਾ। ਇਹ ਗੱਲ ਵੱਖਰੀ ਹੈ ਕਿ ਫੇਰ ਮੈਂ ਪਤਾ ਨਹੀਂ ਕਿਥੇ ਹੁੰਦਾ।

ਖੈਰ, ਜਦੋਂ ਮੈਨੂੰ ਮੇਰੇ ਬਾਪ ਨੇ ਘਰੋਂ ਕਢ ਦਿਤਾ ਤਾਂ ਬਾਹਰ ਮੇਰੇ ਸ਼ਾਇਰ ਯਾਰਾਂ ਦੀ ਮੰਡਲੀ ਖੜੀ ਮੈਨੂੰ ਉਡੀਕ ਰਹੀ ਸੀ। ਉਨ੍ਹਾਂ ਵਿਚੋਂ ਕੋਈ ਕਹਿ ਰਿਹਾ ਸੀ :

"ਹੁਣ ਤੂੰ ਸਭ ਬੰਧਨਾਂ ਤੋਂ ਆਜ਼ਾਦ ਹੈਂ, ਹੁਣ ਤੂੰ ਬਹੁਤ ਚੰਗਾ ਸ਼ਾਇਰ ਬਣ ਸਕੇਂਗਾ।"

ਮੈਂ ਸ਼ਾਇਰ ਬਣਨ ਦੇ ਚੱਕਰ ਵਿਚ ਇਸ਼ਕ ਕਰ ਬੈਠਾ ਤੇ ਫੇਰ ਵਿਆਹ। ਤੇ ਹੁਣ ਮੇਰੀ ਬੀਵੀ ਮੇਰੇ ਸ਼ਾਇਰ ਨੂੰ ਲੂਣ ਤੇਲ ਦੇ ਚੱਕਰ ਵਿਚ ਉਲਝਾਉਣਾ ਚਾਹੁੰਦੀ ਹੈ ਤੇ ਮੇਰੇ ਸ਼ਾਇਰ ਨੂੰ ਅਣਿਆਈ ਮੌਤ ਮਾਰਨਾ ਚਾਹੁੰਦੀ ਹੈ। ਮੈਂ ਆਪਣੇ ਉਸ ਸ਼ਾਇਰ ਦੋਸਤ ਨੂੰ ਗਾਲ੍ਹਾਂ ਕਢਦਾ ਰਹਿੰਦਾ ਹਾਂ, ਜਿਸ ਨੇ ਮੈਨੂੰ ਤਾਂ ਸਲਾਹ ਦਿਤੀ ਸੀ ਕਿ ਚੰਗਾ ਸ਼ਾਇਰ ਬਣਨ ਲਈ ਇਸ਼ਕ ਕਰਨਾ ਜ਼ਰੂਰੀ ਹੈ, ਪਰ ਆਪ ਅਜੇ ਤਕ ਸਾਲਾ ਛੜਾ ਫਿਰਦਾ ਹੈ।

ਕਹਾਣੀ :

ਸਮੁੰਦਰ-ਘਰੋ ਆਏ ਪ੍ਰਾਹੁਣੇ

—ਕੁਲਦੀਪ ਸਿੰਘ ਬੇਦੀ

ਬਾਬਾ ਜੀ ਨੂੰ ਕਿੰਨੀ ਦੇਰ ਯਕੀਨ ਨਾ ਆਇਆ ਕਿ ਜਿੰਦਰ ਕੈਨੇਡਾ ਤੋਂ ਆ ਰਿਹਾ ਹੈ। ਉਹ ਕਿੰਨੀ ਦੇਰ ਆਪਣੀਆਂ ਜੋਤ-ਹੀਣ ਅੱਖਾਂ ਨੂੰ ਝਮਕਦੇ ਰਹੇ। ਖੁਸ਼ੀ ਨਾਲ ਉਹਨਾਂ ਦੀਆਂ ਅੱਖਾਂ ਚੋਂ ਪਾਣੀ ਵਗ ਕੇ ਉਹਨਾਂ ਦੀ ਦੁੱਧ ਚਿਟੀ ਦਾੜ੍ਹੀ ਤੇ ਮੋਤੀਆ ਵਾਂਗ ਚਮਕਣ ਲਗ ਪਿਆ ਤੇ ਉਹ ਜਿੰਦਰ ਦੀ ਮਾਂ ਨੂੰ ਕਹਿਣ ਲਗੇ, "ਬੀਬੀ ਭਲਾ ਕਿੰਨੇ ਵਰ੍ਹਿਆਂ ਬਾਦ ਆਉਣੈ ਏ ਪੁੱਤ ਨੇ ਵਲੈਤੋਂ।" "ਭਾਈਆ ਜੀ ਅੱਠਾਂ ਵਰ੍ਹਿਆਂ ਬਾਦ।" ਸੁਰਜੀਤ ਕੌਰ ਉੱਚੀ ਅਵਾਜ਼ 'ਚ ਬੋਲੀ। ਸ਼ਾਇਦ ਬਾਬਾ ਜੀ ਨੂੰ ਹੁਣ ਉੱਚੀ ਸੁਣੀਂਦਾ ਸੀ। ਜਿੰਦਰ ਦੀ ਆਉਣ ਦੀ ਖੁਸ਼ੀ ਵਿਚ ਬਾਬਾ ਜੀ ਨੇ ਪਹਿਲਾਂ ਹੀ ਅਖੰਡ-ਪਾਠ ਸੁਖਿਆ ਹੋਇਆ ਸੀ। ਉਹਨਾਂ ਨੇ ਦਿਲਦਾਰ ਸਿੰਘ ਨੂੰ ਸਮਝਾਇਆ, "ਵੇਖ ਦਿਲਦਾਰ ਸਿੰਹਾਂ! ਜਿੰਦਰ ਤਾਂ ਸੁਖ ਨਾਲ ਹੁਣ ਵਾਹਵਾ ਜਵਾਨ ਹੋਏਗਾ, ਸੋ ਤੇ ਹੁਣ ਉਹਦੇ ਵਿਆਹ ਦੀ ਉਮਰ ਏ, ਕੋਈ ਇੱਜਤਦਾਰ ਘਰ ਵੇਖ ਕੇ ਉਹਦੇ ਨਾਤੇ ਦੀ ਗੱਲ ਤੋਰ।" ਦਿਲਦਾਰ ਸਿੰਘ ਆਪਣੇ ਪਿਓ ਦੀ ਗੱਲ ਸੁਣ ਕੇ ਸੋਚੀਂ ਪੈ ਗਿਆ।

ਜਿੰਦਰ ਹਾਲੇ ਕਨੇਡਾ ਗਿਆ ਸੀ ਜਦੋਂ ਪਿਛੋਂ ਬਾਬਾ ਜੀ ਦੀਆਂ ਅੱਖਾਂ ਦੀ ਜੋਤ ਬੁਝ ਗਈ। ਉਹਨਾਂ ਨੇ ਬੜੀ ਰੀਝ ਨਾਲ ਜਿੰਦਰ ਨੂੰ ਤੋਰਿਆ ਸੀ ਤੇ ਪੱਗ ਤੇ ਹਥ ਫੇਰਦਿਆਂ ਕਿਹਾ ਸੀ, "ਵੇਖੀਂ ਪੁੱਤ! ਧਰਮ ਦੀ ਲਾਜ ਰੱਖੀਂ।" ਤੇ ਅਗੋਂ ਜਿੰਦਰ ਨੇ ਬਾਬਾ ਜੀ ਨੂੰ ਖੁਸ਼ੀ ਨਾਲ ਚੁਕ ਲਿਆ ਸੀ। ਉਹਦੇ ਜਾਣ ਤੋਂ ਕੁਝ ਦੇਰ ਬਾਅਦ ਜਿੰਦਰ ਦੀ ਚਿੱਠੀ ਆਈ ਸੀ ਕਿ ਏਧਰ ਸਿੱਖਾਂ ਨੂੰ ਨੌਕਰੀ ਨਹੀਂ ਮਿਲਦੀ, ਕੇਸ ਕਟਾਉਣੇ ਪੈਣਗੇ। ਬਾਬਾ ਜੀ ਨੇ ਚਿੱਠੀ ਸੁਣਦਿਆਂ ਹੀ ਕਿਹਾ ਸੀ, "ਉਹਨੂੰ ਲਿਖਦੇ, ਕੇਸ ਨਾ ਕਟਾਏ, ਜੇ ਸਿੱਖ ਨੂੰ

ਨੌਕਰੀ ਨਹੀਂ ਦਿੰਦੇ ਤਾਂ ਉਹਨੂੰ ਮੁੜਨ ਤਾਂ ਦਿੰਦੇ ਨੇ।" ਪਰ ਦਿਲਦਾਰ ਸਿੰਘ ਚੁਪ ਰਿਹਾ। ਫਿਰ ਇਕ ਹੋਰ ਚਿਠੀ ਆਈ ਤੇ ਨਾਲ ਹੀ ਜਿੰਦਰ ਦੀ ਫੋਟੋ ਜਿਸ ਵਿਚ ਉਸ ਨੇ ਦਸਤਾਰ ਦੀ ਜਗ੍ਹਾ ਹੈਟ ਸਜਾਇਆ ਹੋਇਆ ਸੀ। ਕਿੰਨੀ ਦੇਰ ਬਾਬਾ ਜੀ ਜੋਤਹੀਣ ਅੱਖਾਂ ਝਮਕਦੇ ਰਹੇ ਤੇ ਬੋਲੇ, "ਦਿਲਦਾਰ ਸਿਹਾਂ, ਕੀ ਲਿਖਿਆ ਏ ਮੇਰੇ ਪੁਤ ਨੇ, ਸੁਣਿਆ ਏ ਫੋਟੋ ਵੀ ਭੇਜੀ ਏ ਨਾਲ।" ਫਿਰ ਕੁਝ ਸੋਚ ਕੇ ਬੋਲੇ, "ਫੋਟੋ ਤਾਂ ਮੈਂ ਨਹੀਂ ਵੇਖ ਸਕਾਂਗਾ। ਨੌਕਰੀ ਮਿਲੀ ਕਿ ਨਹੀਂ?" "ਆਹੋ! ਨੌਕਰੀ ਮਿਲ ਗਈ ਏ ਵਾਹਵਾ ਚੰਗੀ।" "ਸ਼ੁਕਰ ਏ ਤੇਰਾ ਵਾਹਿਗੁਰੂ।" ਬਾਬਾ ਜੀ ਕਿੰਨੀ ਦੇਰ ਫੋਟੋ ਨੂੰ ਪਲੋਸਦੇ ਰਹੇ ਤੇ ਫਿਰ ਗੁਰਦੁਆਰੇ ਵਲ ਉਠ ਤੁਰ। ਦਿਲਦਾਰ ਸਿੰਘ ਤੇ ਸੁਰਜੀਤ ਕੌਰ ਇਕ ਦੂਜੇ ਵਲ ਬਿੱਟ ਬਿੱਟ ਤਕਦੇ ਰਹੇ।

ਬਾਬਾ ਜੀ ਨੂੰ ਦਸਿਆ ਨਹੀਂ ਸੀ ਗਿਆ ਕਿ ਜਿੰਦਰ ਨੇ ਕੇਸ ਕਤਲ ਕਰਾ ਦਿਤੇ ਗਏ ਹਨ, ਬਾਬਾ ਜੀ ਨੂੰ ਇਹ ਵੀ ਨਹੀਂ ਦਸਿਆ ਗਿਆ ਕਿ ਜਿੰਦਰ ਨੇ ਈਸਾਈਆਂ ਦੀ ਕੁੜੀ ਨਾਲ ਵਿਆਹ ਕਰਵਾ ਲਿਆ ਹੈ। ਇਹ ਗੱਲਾਂ ਸੋਚ ਕੇ ਸੁਰਜੀਤ ਕੌਰ ਤੇ ਦਿਲਦਾਰ ਸਿੰਘ ਬੜੇ ਘਬਰਾਉਂਦੇ। ਬਾਬਾ ਜੀ ਭਾਵੇਂ ਵੇਖ ਨਹੀਂ ਸਨ ਸਕਦੇ, ਪਰ ਕਿੰਨੀ ਦੇਰ ਇਹ ਗੱਲ ਲੁਕੀ ਰਹੇਗੀ। ਹੌਲੀ ਹੌਲੀ ਘਰ ਵਿਚ ਰੌਣਕ ਹੁੰਦੀ ਗਈ। ਦਿਲਦਾਰ ਸਿੰਘ ਨੇ ਜਿੰਦਰ ਦੇ ਆਉਣ ਦੀ ਖੁਸ਼ੀ 'ਚ ਆਪਣੇ ਸਾਰੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਸੱਦੇ-ਪੱਤਰ ਭੇਜੇ। ਘਰ ਇਕ ਦੁਲਹਨ ਵਾਂਗ ਸਜਾਇਆ ਗਿਆ। ਬਾਬਾ ਜੀ ਵੇਖ ਨਹੀਂ ਸਨ ਸਕਦੇ, ਪਰ ਉਹ ਮਹਿਸੂਸ ਕਰਦੇ ਸਨ ਕਿ ਘਰ ਵਿਚ ਘਰ ਦਾ ਇਕ ਜੀਅ ਆ ਰਿਹਾ ਹੈ ਭਾਵੇਂ ਕੁਝ ਦਿਨਾਂ ਲਈ ਇਕ ਪ੍ਰਾਹੁਣੇ ਵਾਂਗ। ਬਾਬਾ ਜੀ ਨੂੰ ਜਾਪਿਆ ਜਿਵੇਂ ਪੋਤਰੇ ਦੇ ਆਉਣ ਦੀ ਖੁਸ਼ੀ 'ਚ ਉਹਨਾਂ ਦੀ ਉਮਰ ਦਸ ਵਰ੍ਹੇ ਵਧ ਗਈ ਹੋਵੇ।

ਅਜ ਜਿੰਦਰ ਨੇ ਆਉਣਾ ਸੀ, ਦਿਲਦਾਰ ਸਿੰਘ ਉਸ ਨੂੰ ਲੈਣ ਗਿਆ। ਘਰ ਵਿਚ ਬੈਠੇ ਬਾਬਾ ਜੀ ਆਪਣੀ ਬਰਫ਼ ਵਰਗੀ ਚਿੱਟੀ ਦਾੜ੍ਹੀ ਤੇ ਹੱਥ ਫੇਰ ਰਹੇ ਸਨ। ਉਹ ਘਰ ਦੇ ਜੀਆਂ ਨਾਲ ਗੱਲਾਂ ਕਰ ਰਹੇ ਸਨ। ਜਿੰਦਰ ਤੋਂ ਛੋਟਾ ਮਿੰਦਰ ਵੀ ਵਿਆਹਿਆ ਗਿਆ ਸੀ। ਮਿੰਦਰ ਦੀ ਵਹੁਟੀ ਗੁਰਪ੍ਰੀਤ ਨੂੰ ਬਾਬਾ ਜੀ ਕਹਿਣ ਲਗੇ, "ਸਭ ਤੋਂ ਪਹਿਲਾਂ ਮੈਨੂੰ ਮਿਲਾਇਤੇ ਆਪਣੇ ਪੁੱਤ ਨਾਲ।" ਫਿਰ ਆਪਣੀ ਨੂੰਹ ਨੂੰ ਕਹਿਣ ਲਗੇ," ਸੁਰਜੀਤ ਕੌਰੇ। ਰਾਵਲਪਿੰਡੀ ਵਾਲਿਆਂ ਨੂੰ ਵੀ ਸੱਦ ਲੈਣਾ ਸੀ। ਉਹਨਾਂ ਦੀ ਕੁੜੀ ਵੀ ਵਾਹਵਾ ਪੜ੍ਹੀ ਲਿਖੀ ਸੁਣੀ ਏ। ਮੇਰਾ ਤਾਂ ਜੀਅ ਏ ਕਿ ਜੇ ਕੁੜੀ ਚੰਗੀ ਲਗੇ ਤਾਂ ਜਿੰਦਰ ਨੂੰ ਵਿਆਹ ਦੇਈਏ। ਬੰਦੇ ਵਾਹਵਾ ਗੁਰ ਸਿਖ ਨੇ।" ਬਾਬਾ ਜੀ ਛੋਟੀਆਂ ਛੋਟੀਆਂ ਗੱਲਾਂ ਮਾਰਦੇ ਰਹੇ। ਟੈਕਸੀ ਬਾਹਰ ਆ ਕੇ ਰੁਕੀ ਤੇ ਬਾਬਾ ਜੀ ਬਿਜਲੀ ਦੇ ਝਟਕੇ ਵਾਂਗ ਖੜੇ ਹੋ ਗਏ। ਸਭ ਤੋਂ ਪਹਿਲਾਂ ਜਿੰਦਰ ਨੇ ਦੌੜ ਕੇ ਬਾਬਾ ਜੀ ਨੂੰ ਜੱਫੀ ਵਿਚ ਲੈ ਲਿਆ। ਤੇ ਖੁਸ਼ੀ ਨਾਲ ਬਾਬਾ ਜੀ ਦੀਆਂ ਜੋਤ ਹੀਣ ਅੱਖਾਂ 'ਚੋਂ ਪਾਣੀ ਵਗ ਤੁਰਿਆ। ਬਾਬਾ ਜੀ ਦਾ ਹਥ ਜਿੰਦਰ ਦੇ ਮੂੰਹ ਤੇ ਆ ਕੇ ਰੁਕ ਗਿਆ ਤੇ ਫਿਰ ਉਹ ਜਿੰਦਰ ਦੇ ਸਿਰ ਤੇ ਹੱਥ ਲੈ ਗਏ: ਬਿਜਲੀ ਦੇ ਝਟਕੇ ਵਾਂਗ ਹੀ ਉਹ ਪਿਛੇ ਹੋ ਗਏ। ਰੌਲੇ ਵਿਚ ਬਾਬਾ ਜੀ ਨੂੰ ਕਿਸੇ ਨਾ ਵੇਖਿਆ ਕਿਸੇ ਨੇ ਉਹਨਾਂ ਦੇ ਹਾਵ-ਭਾਵ ਪਛਾਨਣ ਦਾ ਯਤਨ ਨਾ ਕੀਤਾ। ਬਾਬਾ ਜੀ ਦੀਆਂ ਗੱਲ੍ਹਾਂ ਤੇ ਰੁਕਿਆ ਪਾਣੀ ਉਥੇ ਹੀ ਜੰਮ ਗਿਆ। ਦਿਲਦਾਰ ਸਿੰਘ ਤੇ ਸੁਰਜੀਤ ਕੌਰ ਕਿੰਨੀ ਦੇਰ ਬਾਬਾ ਜੀ ਵਲ ਵੇਖਦੇ ਰਹੇ ਜਿੰਦਰ ਰਿਸ਼ਤੇਦਾਰਾਂ ਨੂੰ ਮਿਲਦਾ ਰਿਹਾ। ਬਾਬਾ ਜੀ ਸ਼ੋਰ ਸੁਣਦੇ ਰਹੇ ਤੇ ਉਹਨਾਂ ਨੂੰ ਜਾਪਿਆ ਜਿਵੇਂ ਘਰ ਵਿਚ ਗਲਤ ਬੰਦਾ ਆ ਵੜਿਆ ਹੋਵੇ। ਜਿੰਦਰ ਦੀ ਪਤਨੀ ਦਾ ਵੀ ਬਾਬਾ ਜੀ ਨੂੰ ਪਤਾ ਲਗ ਗਿਆ, ਉਹ ਵੀ ਨਾਲ ਆਈ ਸੀ ਪਰ ਪਤਨੀ ਵਾਲੀ ਗੱਲ ਨਾਲੋਂ ਕੇਸਾਂ ਨੂੰ ਕਤਲ ਕਰਾ ਦੇਣ ਦੀ ਗੱਲ ਉਹਨਾਂ ਨੂੰ ਬਹੁਤ ਵੱਡੀ ਜਾਪੀ ਸੀ। ਉਹ ਉਠ ਕੇ ਗੁਰਦੁਆਰੇ ਵਲ ਤੁਰ ਪਏ।

ਦਿਨੇ ਕਾਫੀ ਗਹਿਮਾ ਗਹਿਮ ਰਹੀ। ਸ਼ਾਮ ਨੂੰ ਬਾਬਾ ਜੀ ਗੁਰਦੁਆਰਿਓਂ ਪਰਤੇ। ਗੁਰਪ੍ਰੀਤ ਨੇ ਬਾਬਾ ਜੀ ਅਗੇ ਰੋਟੀ ਲਿਆ ਰਖੀ. "ਵੇਖ ਨਾ ਗੁਰਪ੍ਰੀਤ, ਇਹ ਕੀ ਕੀਤਾ ਜਿੰਦਰ ਨੇ।" ਬਾਬਾ ਜੀ ਹਾਲੀਂ ਵੀ ਸੋਚੀਂ ਪਏ ਹੋਏ ਸਨ। ਫਿਰ ਬੋਲੇ, "ਕਿਹੋ ਜਿਹੀ ਏ ਉਹਦੀ ਵਹੁਟੀ।" "ਬਾਬਾ ਜੀ! ਸੋਹਣੀ ਏ ਬੜੀ ਪਰ ਉਹਦੇ ਕੇਸ ਵੀ ਕੱਟੇ ਹੋਏ ਨੇ।" ਗੁਰਪ੍ਰੀਤ ਬੜੇ ਸਹਿਜ-ਭਾਵ ਨਾਲ ਬੋਲੀ ਬਾਬਾ ਜੀ ਨੇ ਹਉਕਾ ਭਰਿਆ, "ਹੇ ਵਾਹਿਗੁਰੂ! ਸੁਮਤ ਬਖਸ਼ੀਂ ਏਸ ਮੁੰਡੇ ਨੂੰ,

ਹਾਲੇ ਮੈਂ ਪਾਠ ਕਰਨਾ ਏ ਧੀਏ ਰੋਟੀ ਅਟਕ ਕੇ ਖਾਵਾਂਗਾ।" "ਚੰਗਾ ਬਾਬਾ ਜੀ ਮੈਂ ਪਾਠ ਕਰਦੀ ਆਂ ਤੇ ਤੁਸੀਂ ਸੁਣੋ।" ਗੁਰਪ੍ਰੀਤ ਬੋਲੀ। ਉਪਰੋਂ ਤਰ੍ਹਾਂ ਤਰ੍ਹਾਂ ਦੇ ਹਾਸੇ ਦੀਆਂ ਆਵਾਜ਼ਾਂ ਆ ਰਹੀਆਂ ਸਨ। ਜਿੰਦਰ ਦੇ ਦੋਸਤ ਆਏ ਹੋਏ ਸਨ। ਪਾਰਟੀ ਦੇ ਦੌਰ ਚਲ ਰਹੇ ਸਨ। ਗੁਰਪ੍ਰੀਤ ਪਾਠ ਕਰਨ ਹੀ ਲਗੀ ਸੀ ਕਿ ਮਿੰਦਰ ਨੇ ਉਹਨੂੰ ਅਵਾਜ ਦਿਤੀ। "ਮੈਂ ਆਈ ਬਾਬਾ ਜੀ ਇਕ ਮਿੰਟ 'ਚ, ਉਹਨਾਂ ਨੇ ਬੁਲਾਇਐ।" ਤੇ ਉਹ ਦਬਾਦਬ ਪੌੜੀਆਂ ਚੜ੍ਹ ਗਈ। ਗੁਰਪ੍ਰੀਤ ਨੇ ਵੇਖਿਆ, ਜਿੰਦਰ ਦੇ ਕਿੰਨੇ ਹੀ ਦੋਸਤਾਂ 'ਚ ਬੈਠੀ ਉਸਦੀ ਪਤਨੀ ਸ਼ਰਾਬ ਪੀ ਰਹੀ ਹੈ "ਹਾਂ ਜੀ"! ਗੁਰਪ੍ਰੀਤ ਨੇ ਘਬਰਾ ਕੇ ਮਿੰਦਰ ਨੂੰ ਪੁਛਿਆ। ਮਿੰਦਰ ਨੇ ਗੁਰਪ੍ਰੀਤ ਨੂੰ ਬੈਠਣ ਲਈ ਕਿਹਾ। "ਮੈਂ ਤਾਂ ਥੱਲੇ ਕੰਮ...।" "ਓਹੋ ਤੂੰ ਕੰਮ ਹੀ ਕਰਦੀ ਰਹੇਗੀ, ਆ ਵੇਖ ਕੇ, ਭਾਬੀ ਵੀ ਬੈਠੀ ਏ" । ਮਿੰਦਰ ਨੇ ਜ਼ੋਰ ਦੇ ਕੇ ਕਿਹਾ। 'ਪਰ......" "ਪਰ...ਪੁਰ ਕੁਝ ਨਹੀਂ "ਮਿੰਦਰ ਫਿਰ ਬੋਲਿਆ। "ਓ ਮਾਈ ਡੀਅਰ ਭਾਬੀ, ਕੀ ਗੱਲ ਮੇਰੇ ਨਾਲ ਨਰਾਜ਼ ਹੋ।" ਜਿੰਦਰ ਬੋਲਿਆ। "ਨਹੀਂ ਵੀਰ ਜੀ, ਅਜਿਹੀ ਕੋਈ ਗੱਲ ਨਹੀਂ" ਗੁਰਪ੍ਰੀਤ ਖੜੀ ਖੜੀ ਹੀ ਬੋਲੀ, "ਫਿਰ ਏਥੇ ਬੈਠੋ ਨਾ ਮੇਰੇ ਕੋਲ।" ਜਿੰਦਰ ਨੇ ਗੁਰਪ੍ਰੀਤ ਦੀ ਬਾਂਹ ਫੜਕੇ ਆਪਣੇ ਕੋਲ ਬਿਠਾ ਲਿਆ। ਸਾਰੇ ਹੱਸਣ ਲਗ ਪਏ। ਫਿਰ ਜਿੰਦਰ ਬੋਲਿਆ, "ਵਾਕਿਆ ਯਾਰ ਪੰਜਾਬ ਦੀ ਕੁੜੀ, ਨਿਰੀ ਕੁੜੀ ਹੁੰਦੀ ਏ।" ਸ਼ਰਾਬ ਦਾ ਦੌਰ ਚਲਿਆ। ਇਕ ਗਲਾਸ ਹੋਰ ਸ਼ਾਮਲ ਕਰ ਲਿਆ ਗਿਆ। "ਨਹੀਂ ਨਹੀਂ, ਮੇਰੇ ਲਈ ਨਹੀਂ," ਗੁਰਪ੍ਰੀਤ ਨੇ ਜਿੰਦਰ ਦਾ ਹੱਥ ਫੜ ਲਿਆ। "ਇਹ ਇਸ ਤਰ੍ਹਾਂ ਹੋ ਸਕਦਾ ਏ, ਮੇਰੀ ਸਵੀਟ ਭਾਬੀ ? ਸੁਸਾਇਟੀ ਵਿਚ ਇਸ ਤਰ੍ਹਾਂ ਨਹੀਂ ਚਲਦਾ।" 'ਪਰ ਮੇਰੀ ਸੁਸਾਇਟੀ ਇਹ ਨਹੀਂ।" ਉਹ ਚੀਕੀ। "ਹੁਣ ਤਾਂ ਤੂੰ ਇਸੇ ਸੁਸਾਇਟੀ 'ਚ ਬੈਠੀ ਏਂ," ਲਾਗੇ ਹੀ ਬੈਠਾ ਉਸ ਦਾ ਪਤੀ ਮਿੰਦਰ ਬੋਲਿਆ। ਸਭ ਨੇ ਗਲਾਸ ਚੁਕ ਲਏ ਪਰ ਗੁਰਪ੍ਰੀਤ ਅਹਿਲ ਬੈਠੀ ਰਹੀ। ਉਹ ਘਬਰਾਈ ਨਜਰ ਨਾਲ ਸਾਰਿਆਂ ਵਲ ਵੇਖ ਰਹੀ ਸੀ। ਮਿੰਦਰ ਉਸ ਨੂੰ ਜ਼ਬਰਦਸਤੀ ਗਲਾਸ ਫੜਾ ਰਿਹਾ ਸੀ। ਉਹ ਜਦੋਂ ਜ਼ਿਆਦਾ ਹੀ ਮਜ਼ਬੂਰ ਕਰਨ ਲਏ ਤਾਂ ਉਹ ਉਠ ਕੇ ਛਪਾਛਪ ਪੌੜੀਆਂ ਉਤਰ ਆਈ ਤੇ ਬਾਬਾ ਜੀ ਕੋਲ ਜਾ ਬੈਠੀ। ਮਿੰਦਰ ਵੀ ਉਸ ਦੇ ਪਿਛੇ ਆ ਗਿਆ। ਬਾਬਾ ਜੀ ਨੂੰ ਵੇਖ ਕੇ ਉਹ ਠਠੰਬਰ ਗਿਆ, ਉਹ ਬੋਲਿਆ "ਗੁਰਪ੍ਰੀਤ ! ਇਹ ਤੂੰ ਠੀਕ ਨਹੀਂ ਕੀਤਾ।" "ਮੈਂ ਠੀਕ ਕੀਤਾ ਏ, ਕਿਉਂ ਤੁਸੀਂ ਮੈਨੂੰ ਜ਼ਹਿਰ ਪੀਣ ਲਈ ਮਜ਼ਬੂਰ ਕਰਦੇ ਹੋ।"

ਮਿੰਦਰ ਬਾਬਾ ਤੋਂ ਡਰਦਾ ਫਿਰ ਪੌੜੀਆਂ ਚੜ੍ਹ ਗਿਆ। ਬਾਬਾ ਜੀ ਦੀਆਂ ਮੁਠੀਆਂ ਭੀੜੀਆਂ ਗਈਆਂ ਤੇ ਜੋਤ-ਹੀਣ ਅੱਖਾਂ 'ਚੋਂ ਅੰਗਾਰੇ ਨਿਕਲਣ ਲਗੇ ਪਰ ਬਾਬਾ ਜੀ ਮਜਬੂਤ ਸਨ। ਗੁਰਪ੍ਰੀਤ ਰਹਿਰਾਸ ਦਾ ਪਾਠ ਕਰਨ ਲਗੀ। ਬਾਬਾ ਜੀ ਨੇ ਗੁਰਪ੍ਰੀਤ ਦੇ ਸਿਰ ਤੇ ਪਿਆਰ ਦਿਤਾ, "ਵਾਹਿਗੁਰੂ ਤੈਨੂੰ ਸੁਖ ਸ਼ਾਂਤੀ ਬਖਸ਼ੇ।"

ਜਿੰਦਰ ਦਾ ਦਸ ਦਿਨਾਂ ਦਾ ਹੀ ਪਰੋਗਰਾਮ ਸੀ, ਜਿਸ ਵਿਚੋਂ ਉਹ ਘਰ ਸਿਰਫ ਤਿੰਨ ਦਿਨ ਰਿਹਾ। ਇਹਨਾਂ ਤਿੰਨਾਂ ਦਿਨਾਂ ਵਿਚ ਇਕ ਵਾਰ ਵੀ ਉਹ ਬਾਬਾ ਜੀ ਨੂੰ ਨਾ ਮਿਲ ਸਕਿਆ। ਬਾਬਾ ਜੀ ਵੀ ਉਸ ਨੂੰ ਮਿਲਣਾ ਨਹੀਂ ਚਾਹੁੰਦੇ ਸਨ। ਬਾਬਾ ਜੀ ਸੋਚਦੇ ਕੀ ਇਹ ਉਹੀ ਜਿੰਦਰ ਏ ਜਦੋਂ ਉਹ ਗੁਰਦੁਆਰੇ ਜਾਂਦੇ ਉਹ ਨਾਲ ਜਾਂਦਾ। ਉਥੇ ਪਾਠ ਸੁਣਦਾ। ਉਥੇ ਸ਼ਬਦ ਪੜ੍ਹਦਾ। ਤੇ ਇਕ ਦਿਨ ਬਾਬਾ ਜੀ ਕਿੰਨੇ ਖੁਸ਼ ਹੋਏ ਸਨ ਜਦੋਂ ਜਿੰਦਰ ਨੇ ਜਪੁਜੀ ਸਾਹਿਬ ਦਾ ਪਾਠ ਜ਼ਬਾਨੀ ਸੁਣਾਇਆ ਸੀ ਤੇ ਹੁਣ ਤਾ ਜਿੰਦਰ ਬਾਬਾ ਜੀ ਨੂੰ ਜਾਪਿਆ ਜਿਵੇਂ ਉਹ ਹਰਜਿੰਦਰ ਸਿੰਘ ਮਰ ਗਿਆ ਹੋਵੇ।

ਜਿੰਦਰ ਵਾਪਸ ਜਾ ਰਿਹਾ ਸੀ। ਸਭ ਨੂੰ ਮਿਲਣ ਤੋਂ ਬਾਅਦ ਉਹਨੇ ਬਾਬਾ ਜੀ ਨੂੰ ਮਿਲਣ ਦੀ ਖਾਹਸ਼ ਪ੍ਰਗਟ ਕੀਤੀ ਪਰ ਬਾਬਾ ਜੀ ਘਰ ਵਿਚ ਕਿਤੇ ਵੀ ਵਿਖ ਈ ਨਾ ਦਿਤੇ। ਜਿੰਦਰ ਮਿਲਿਆਂ ਬਗੈਰ ਹੀ ਤੁਰ ਪਿਆ। ਉਹਨਾ ਨੂੰ ਤੋਰ ਕੇ ਦਿਲਦਾਰ ਸਿੰਘ ਬਾਬੇ ਜੀ ਨੂੰ ਵੇਖਣ ਗੁਰਦੁਆਰੇ ਚਲਾ ਗਿਆ। ਬਾਬਾ ਜੀ ਬੈਠੇ ਪਾਠ ਸੁਣ ਰਹੇ ਸਨ। ਦਿਲਦਾਰ ਸਿੰਘ ਵੀ ਮੱਥਾ ਟੇਕ ਬਾਬਾ ਜੀ ਲਾਗੇ ਬੈਠ ਗਿਆ, ਉਸ ਨੂੰ ਜਾਪਿਆ ਜਿਵੇਂ ਉਹ ਕਿਸੇ ਅਜਨਬੀ ਨੂੰ ਤੋਰ ਕੇ ਆਇਆ ਹੋਵੇ।

—:o:—

ਧਰੁਵਪਦ ਗਾਇਨ

ਪ੍ਰੋ: ਜੋਗਿੰਦਰ 'ਬਾਵਰਾ'
ਗੌ: ਕਾਲਜ ਆਫ਼ ਐਜੂਕੇਸ਼ਨ,
ਜਲੰਧਰ।

ਅਜ ਕਲ੍ਹ ਉਤਰੀ ਭਾਰਤੀ ਸੰਗੀਤ ਦੀਆਂ ਅਨੇਕ ਗਾਨ ਸ਼ੈਲੀਆਂ ਪ੍ਰਚਾਰ ਵਿਚ ਹਨ ਜਿਨ੍ਹਾਂ ਵਿਚੋਂ ਧਰੁਵਪਦ ਗਾਇਨ ਸ਼ੈਲੀ ਸਭ ਤੋਂ ਪੁਰਾਣੀ ਹੈ। ਇਹ ਤਾਲ ਬੱਧ ਹੋਣ ਕਾਰਨ ਨਿਬੰਧ ਗਾਨ ਦੀ ਸ਼੍ਰੇਣੀ ਵਿਚ ਆਉਂਦੀ ਹੈ। ਧਰੁਵਪਦ ਦਾ ਆਵਿਸ਼ਕਾਰ ਕਦੋਂ ਹੋਇਆ, ਵਿਸ਼ਵਾਸ ਨਾਲ ਨਹੀਂ ਕਿਹਾ ਜਾ ਸਕਦਾ। ਇਸ ਸਬੰਧ ਵਿਚ ਵਿਦਵਾਨਾਂ ਦੇ ਅਲੱਗ ਅਲੱਗ ਵਿਚਾਰ ਹਨ। ਡਾ: ਪੰਨਾ ਲਾਲ ਅਨੁਸਾਰ ਮਤੰਗ ਨੇ ਇਸ ਨੂੰ 'ਚੋਕਸ਼ਾ' ਗੀਤੀ ਕਿਹਾ। ਅਤੇ ਸ਼ਾਰੰਗ ਦੇਵ ਨੇ ਜਿਸ ਦਾ ਸਮਾਂ 13ਵੀਂ ਸਦੀ ਹੈ, ਸ਼ੁਧਾ ਗੀਤੀ ਕਿਹਾ ਹੈ।

ਪ੍ਰਾਚੀਨ ਕਾਲ ਵਿਚ ਪ੍ਰਬੰਧ, ਵਸਤੂ, ਰੂਪਕ, ਆਦਿ ਨਿਬੰਧ ਗਾਨ ਦੇ ਪ੍ਰਕਾਰ ਸਨ, ਇਹਨਾਂ ਦੇ ਭਾਗਾਂ ਨੂੰ ਧਰੁਵ, ਉਦਗ੍ਰਹ, ਮੇਲਾਪਕ, ਅੰਤਰਾ, ਆਭੋਗ ਕਿਹਾ ਜਾਂਦਾ ਸੀ। ਧਰੁਵ ਸ਼ਬਦ ਤੋਂ ਹੀ ਧਰੁਵਪਦ ਨਾਮ ਪੈ ਗਿਆ ਹੋਵੇ। ਧਰੁਵ ਨੂੰ ਪ੍ਰਚਾਰ ਵਿਚ ਸਥਾਈ ਕਿਹਾ ਜਾਂਦਾ ਹੈ। ਸਥਾਈ ਦਾ ਅਰਥ ਹੈ ਸਥਿਰ, ਅਟੱਲ, ਅਚੱਲ ਆਦਿ। ਪੰਡਤ ਵਿਸ਼ਨੂੰ ਦਿਗੰਬਰ ਪੁਲਸਕਰ ਜੀ ਦੀਆਂ ਪੁਸਤਕਾਂ ਵਿਚ ਸਥਾਈ ਦੀ ਥਾਂ ਤੇ ਧਰੁਵ ਲਿਖਿਆ ਪ੍ਰਾਪਤ ਹੁੰਦਾ ਹੈ। ਕਈ ਭਜਨਾਂ ਦੀਆਂ ਕਿਤਾਬਾਂ ਵਿਚ ਵੀ ਪਹਿਲੇ ਚਰਣ ਨੂੰ ਧਰੁਵ ਹੀ ਕਿਹਾ ਗਿਆ ਹੈ। ਹੋ ਸਕਦਾ ਹੈ ਇਸੇ ਧਰੁਵ ਤੋਂ ਹੀ ਧਰੁਵ-ਪਦ ਨਾਮ ਪ੍ਰਚਲਿਤ ਹੋ ਗਿਆ ਹੋਵੇਂ। ਕਈ ਅਨਜਾਨ ਇਸ ਨੂੰ ਧ੍ਰੁਰਪਦ ਜਾਂ ਧ੍ਰੁਰਪਤ ਹੀ ਕਹਿੰਦੇ ਹਨ।

ਸੰਗੀਤ ਇਕ ਪਰਿਵਰਤਨ ਸ਼ੀਲ ਕਲਾ ਹੈ ਇਸ ਵਿਚ ਕਈ ਪਰਿਵਰਤਨ ਆਏ ਅਤੇ ਕਈ ਆਉਣ ਵਾਲੇ ਹਨ। ਪਰ ਆਧਾਰ ਧਰਤੀ ਦੀ ਤਰ੍ਹਾਂ ਉਹੀ ਹੈ। ਧਰਤੀ ਤੇ ਮਕਾਨਾਂ ਦੇ ਨਵੇਂ ਤੋਂ ਨਵੇਂ ਨਮੂਨੇ ਬਣਦੇ ਰਹਿੰਦੇ ਹਨ ਪਰ ਧਰਤੀ ਦੇ ਅੰਦਰ ਨੀਂਹ ਵਾਲਾ ਭਾਗ ਇਕੋ ਢੰਗ ਦਾ ਹੁੰਦਾ ਹੈ। ਸਮੇਂ ਦੇ ਅਨੁਸਾਰ ਕਲਾਕਾਰ ਦੀਆਂ ਮਨੋਬਿਰਤੀਆਂ ਵਿਚ ਅੰਤਰ ਹੁੰਦਾ ਰਹਿੰਦਾ ਹੈ, ਜਿਸ ਦੇ ਫਲਸਰੂਪ ਸੰਗੀਤ ਸ਼ੈਲੀ ਵਿਚ ਵੀ ਅੰਤਰ ਆ ਜਾਣਾ ਸੁਭਾਵਿਕ ਹੀ ਹੈ। ਸੰਗੀਤ ਕੋਈ ਅਜਿਹੀ ਵਸਤੂ ਤਾਂ ਹੈ ਨਹੀਂ, ਜੋ ਦੇਖੀ ਜਾ ਸਕੇ। ਸੰਗੀਤ ਦਾ ਨਿਵਾਸ ਸੰਗੀਤਕਾਰ ਵਿਚ ਹੁੰਦਾ ਹੈ। ਸੰਗੀਤਕਾਰ ਨੇ ਹੀ ਜਾਤੀ ਤੇ ਪ੍ਰਬੰਧ ਗਾਨ ਤੋਂ ਸੰਗੀਤ ਦਾ ਰੂਪ ਬਦਲ ਕੇ ਖਿਆਲ ਅਤੇ ਠੁਮਰੀ ਵਿਚ ਢਾਲ ਦਿਤਾ ਹੈ।

ਧਰੁਵਪਦ ਦੀ ਉਤਪਤੀ ਦਾ ਸਮਾਂ

ਇਸ ਦਾ ਆਵਿਸ਼ਕਾਰ ਕਦੋਂ ਤੇ ਕਿਸ ਨੇ ਕੀਤਾ, ਪੂਰੀ ਤਰ੍ਹਾਂ ਕੋਈ ਨਹੀਂ ਜਾਣਦਾ ਪਰ ਕੁਝ ਵਿਦਵਾਨਾਂ ਦੇ ਅਨੁਮਾਨ ਹੇਠਾਂ ਦਿਤੇ ਜਾਂਦੇ ਹਨ।

1. "This Sort of composition has its origin from the age of Raja Man Singh of Gwalior, who is considered as the father of Dhrupad Business". —Captian Willard.

2. "Raja Man who ruled in Gawalior (1482—1516) was a great lover of Music. It is said that he brought the Dhrupad style of singing to its present state and that he composed several songs in this style.',

S. M. Tagore

ਉਕਤ ਵਿਦਵਾਨਾਂ ਦੇ ਅਨੁਸਾਰ ਰਾਜਾ ਮਾਨ ਸਿੰਘ ਨੇ ਇਸ ਦਾ ਆਵਿਸ਼ਕਾਰ ਕੀਤਾ ਅਤੇ ਇਸ ਦਾ ਪ੍ਰਚਾਰ ਵੀ ਕੀਤਾ ਅਤੇ ਨਾਲ ਹੀ ਕਈ ਰਚਨਾਵਾਂ ਵੀ ਕੀਤੀਆਂ। ਰਾਜਾ ਮਾਨ ਸਿੰਘ ਦੁਆਰਾ ਇਸ ਦਾ ਆਵਿਸ਼ਕਾਰ ਕੀਤਾ ਗਿਆ ਵਾਲੀ ਦਲੀਲ ਕੁਝ ਸੰਤੋਸ਼ਜਨਕ ਨਹੀਂ। ਹਾਂ ਪ੍ਰਚਾਰ ਅਤੇ ਰਚਨਾਤਮਕ ਕੰਮ ਕਰਨ ਦਾ ਸ਼ਰੇਅ ਜ਼ਰੂਰ ਦਿਤਾ ਜਾ ਸਕਦਾ ਹੈ। ਡਾ: ਹੰਟਰ ਦੇ ਅਨੁਸਾਰ ਧਰੁਪਦ ਸ਼ਾਰੰਗ ਦੇਵ ਦੇ ਜ਼ਮਾਨੇ ਦੀ ਚੀਜ਼ ਹੈ।

3. "It was firstly tuned in the age of Sarang Dev." V. W. Hunter.

ਧਰੁਪਦ ਗਾਨ ਦੀਆਂ ਚਾਰ ਬਾਣੀਆਂ ਸਨ ਜਿਹਨਾਂ ਨੂੰ ਗੋਬਰਹਾਰੀ, ਡਾਗੁਰੀ, ਖੰਡਹਾਰੀ ਅਤੇ ਨੋਹਾਰੀ ਕਿਹਾ ਜਾਂਦਾ ਸੀ। ਇਹਨਾਂ ਬਾਣੀਆਂ ਦੇ ਮੋਢੀ ਕ੍ਰਮਵਾਰ ਤਾਨਸੈਨ, ਬ੍ਰਿਜ ਚੰਦ, ਸਮੋਖਨ ਸਿੰਘ, ਅਤੇ ਸ੍ਰੀ ਚੰਦ ਮੰਨੇ ਜਾਂਦੇ ਹਨ। ਇਹਨਾਂ ਕਲਾਵੰਤਾਂ ਦਾ ਗਾਇਨ ਦਾ ਢੰਗ ਅੱਲਗ ਅੱਲਗ ਸੀ। ਜਿਵੇਂ ਅਜ ਕਲ ਖਿਆਲ ਗਾਇਕਾਂ ਦੇ ਵਖਰੇ ਵਖਰੇ ਘਰਾਣੇ ਹਨ। ਆਗਰਾ ਘਰਾਨਾ, ਕਿਰਾਨਾ, ਗਵਾਲੀਅਰ, ਪਟਿਆਲਾ ਆਦਿ। ਇਸੇ ਪ੍ਰਕਾਰ ਚਾਰ ਬਾਣੀਆਂ ਸਨ। ਇਹਨਾਂ ਬਾਣੀਆਂ ਦੀ ਉਤਪਤੀ ਬਾਰੇ ਕਿਹਾ ਜਾਂਦਾ ਹੈ ਕਿ ਪ੍ਰਚੀਨ ਸਮੇਂ ਵਿਚ ਸ਼ੁਧਾ, ਭਿੰਨਾ, ਬੇਸਰਾ, ਗੌੜੀ ਅਤੇ ਸਾਧਾਰਨੀ ਜੋ ਗਾਨੇ ਦੀਆਂ ਭਿੰਨ ਭਿੰਨ ਰੀਤੀਆਂ ਪ੍ਰਚਲਿਤ ਸਨ "ਗੀਤੀ" ਕਿਹਾ ਜਾਂਦਾ ਸੀ। ਇਹਨਾਂ ਗੀਤੀਆਂ ਤੋਂ ਬਾਣੀਆਂ ਦੀ ਉਤਪਤੀ ਹੋਈ। ਗੀਤੀਆਂ ਦਾ ਵਰਨਣ ਸ਼ਾਰੰਗ ਦੇਵ ਦੇ ਸੰਗੀਤ ਰਤਨਾਕਰ ਵਿਚ ਮਿਲਦਾ ਹੈ। ਜੇ ਗੀਤੀਆਂ ਤੋਂ ਬਾਣੀਆਂ ਦੀ ਉਤਪਤੀ ਹੋਈ ਮੰਨ ਲਿਆ ਜਾਵੇ ਤਾਂ ਧਰੁਵਪਦ ਦਾ ਆਵਿਸ਼ਕਾਰ ਸ਼ਾਰੰਗ ਦੇਵ ਤੋਂ ਵੀ ਪਹਿਲੇ ਹੋ ਚੁਕਾ ਸੀ ਅਤੇ ਮਾਨ ਸਿੰਘ ਤੋਮਰ ਨੇ ਇਸ ਦਾ ਪ੍ਰਚਾਰ ਕੀਤਾ ਜਿਹੜੀ ਕਿ ਪ੍ਰਸੰਸਾਜਕਨ ਗੱਲ ਹੈ।

ਦੂਜੇ, ਧਰੁਵਪਦ ਤੋਂ ਬਾਅਦ ਖਿਆਲ ਗਾਇਨ ਦਾ ਆਵਿਸ਼ਕਾਰ ਹੋਇਆ ਅਤੇ ਖਿਆਲ ਨੂੰ ਪ੍ਰਚਾਰ ਵਿਚ ਆਇਆਂ ਕੇਵਲ 150 ਜਾਂ 200 ਵਰ੍ਹੇ ਹੀ ਹੋਏ ਹਨ। ਸੰਗੀਤ ਸਬੰਧੀ ਪੁਸਤਕਾਂ ਵਿਚ ਆਮ ਇਹ ਲਿਖਿਆ ਮਿਲਦਾ ਹੈ ਕਿ ਅਮੀਰ ਖੁਸਰੋ, ਅਲਾਉਦੀਨ ਖਿਲਜੀ (1296—1316) ਦਾ ਦਰਬਾਰੀ ਕਲਾਕਾਰ ਸੀ। ਉਸ ਨੇ ਤਰਾਨਾ, ਗ਼ਜ਼ਲ ਅਤੇ ਖ਼ਿਆਲ ਤੋਂ ਇਲਾਵਾ ਸਿਤਾਰ ਤੇ ਤਬਲਾ ਸਾਜ਼ ਏਜਾਦ ਕੀਤੇ। ਕਈ ਨਵੇਂ ਰਾਗਾਂ ਅਤੇ ਕਈ ਨਵੇਂ ਨਵੇਂ ਤਾਲਾਂ ਦਾ ਆਵਿਸ਼ਕਾਰ ਕੀਤਾ। ਸੁਲਤਾਨ ਹੁਸੈਨ ਸ਼ਰਕੀ (1458—1499) ਜੋਨ ਪੁਰ ਦਾ ਰਾਜਾ ਸੀ ਉਸ ਨੇ ਵੀ ਕਈ ਰਾਗ ਅਤੇ ਵਡੇ ਖਿਆਲਾਂ ਦੀ ਰਚਨਾ ਕੀਤੀ ਜਾਂ ਖਿਆਲਾਂ ਦਾ ਆਵਿਸ਼ਕਾਰ ਕੀਤਾ। ਖਿਆਲ ਦਾ ਸੰਬੰਧ ਅਮੀਰ ਖੁਸਰੋ ਨਾਲ ਵੀ ਜੋੜਿਆ ਜਾਂਦਾ ਹੈ ਅਤੇ ਉਸ ਤੋਂ ਬਾਅਦ ਦੇ ਸੁਲਤਾਨ ਹੁਸੈਨ ਨਾਲ ਵੀ। ਜੇ ਅਸੀਂ ਧਰੁਵਪਦ ਦੀ ਉਤਪਤੀ ਦਾ ਕਾਲ ਰਾਜਾ ਮਾਨ ਸਿੰਘ ਵਾਲਾ ਮੰਨ ਲੈਂਦੇ ਹਾਂ ਤਾਂ ਖਿਆਲ ਗਾਇਨ ਇਸ ਤੋਂ ਪਹਿਲੇ ਦਾ ਸਿਧ ਹੁੰਦਾ ਹੈ। ਕਿਉਂਕਿ ਅਮੀਰ ਖੁਸਰੋ (1296-1316) ਅਤੇ ਮਾਨ ਸਿੰਘ (1484-1516) ਦਾ ਸਮਾਂ ਹੈ ਤਕਰੀਬਨ 200 ਵਰ੍ਹੇ ਬਾਅਦ। ਇਹ ਕਦੀ ਵੀ ਮੰਨਿਆਂ ਨਹੀਂ ਜਾ ਸਕਦਾ ਕਿ ਖਿਆਲ ਸ਼ੈਲੀ ਧਰੁਵਪਦ ਨਾਲੋਂ ਪਹਿਲਾਂ ਦੀ ਹੋਵੇ। ਇਸ ਇਤਿਹਾਸਕ ਪ੍ਰਮਾਣ ਤੋਂ ਸਿਧ ਹੁੰਦਾ ਹੈ ਕਿ ਰਾਜਾ ਮਾਨ ਸਿੰਘ ਨੇ ਧਰੁਵਪਦ ਦਾ ਆਵਿਸ਼ਕਾਰ ਨਹੀਂ ਕੇਵਲ ਰਾਜ ਆਸਰਾ ਦਿਤਾ: ਸੁਲਤਾਨ ਹੁਸੈਨ ਸ਼ਰਕੀ ਮਾਨ ਸਿੰਘ ਨਾਲੋਂ 29 ਸਾਲ ਪਹਿਲਾਂ ਸਿੰਘਾਸਨ ਤੇ ਬਿਰਾਜਮਾਨ ਸੀ। ਇਸੇ ਸਮੇਂ ਵਿਚ ਉਸ ਨੇ ਅਮੀਰ ਖੁਸਰੋ ਦੇ (ਖਿਆਲ) ਆਵਿਸ਼ਕਾਰ ਦਾ ਸੁਹਾਰਾ ਲੈਕੇ ਕਲਾਵੰਤੀ ਖਿਆਲ ਦਾ ਆਵਿਸ਼ਕਾਰ ਕੀਤਾ ਹੋਵੇਗਾ ਜੋ ਕਿ ਬਾਅਦ ਵਿਚ ਵਿਲੰਬਤ ਖਿਆਲ ਕਿਹਾ ਜਾਣ ਲਗਾ। ਧਰੁਵਪਦ ਇੰਨੀ ਨਵੀਂ ਰਚਨਾ ਨਹੀਂ ਜਿਵੇਂ ਕਿ ਕਿਹਾ ਜਾਂਦਾ ਹੈ ਕਿ 500 ਸਾਲ ਪਹਿਲਾਂ ਇਸ ਦਾ ਆਵਿਸ਼ਕਾਰ ਹੋਇਆ। 767 ਵਰ੍ਹੇ ਤਾਂ ਅਮੀਰ ਖੁਸਰੋ ਨੂੰ ਹੋ ਗਏ ਅਤੇ ਖਿਆਲ ਤੋਂ ਪਹਿਲਾਂ ਧਰੁਵਪਦ ਆਪਣੇ ਪੂਰੇ ਜੋਬਨ ਤੇ ਸੀ। ਇਹ ਸਿਧ ਹੋ ਜਾਂਦਾ ਹੈ ਕਿ ਧਰੁਵਪਦ ਗੀਤੀ, ਜਾਤੀ ਗਾਇਨ ਦੇ ਪ੍ਰਬੰਧ ਗਾਇਨ ਤੋਂ ਉਤਪਨ ਹੋਈ ਅਤੇ ਸ਼ਾਰੰਗ ਦੇਵ ਤੋਂ ਵੀ ਪਹਿਲਾਂ ਇਸ ਦਾ ਵਿਕਾਸ ਹੋ ਗਿਆ ਸੀ। (ਚਲਦਾ

ਸਰਗਰਮੀਆਂ

ਭੈਣੀ ਸਾਹਿਬ ਵਿਚ ਸਮਾਗਮ

ਸ੍ਰੀ ਭੈਣੀ ਸਾਹਿਬ ਵਿਖੇ ਸਾਲਾਨਾ ਨਾਮਧਾਰੀ ਸਮਾਗਮ ਸਮੇਂ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ ਸਰਗਰਮੀਆਂ ਦਾ ਧੁਰਾ ਰਿਹਾ। ਵਿਦਿਅਕ ਜਥਾ ਨਾਮਧਾਰੀਆਂ ਦੀਆਂ ਸਾਹਿਤਕ, ਸਭਿਆਚਾਰਕ ਜ਼ੁਮੇਵਾਰੀਆਂ ਤੋਂ ਇਲਾਵਾ ਸਮਾਜਕ ਜ਼ੁਮੇਵਾਰੀਆਂ ਵਲੋਂ ਵੀ ਬਹੁਤ ਸੁਚੇਤ ਹੈ। ਇਸ ਸਮਾਗਮ ਸਮੇਂ ਕੇਂਦਰੀ ਐਗਜ਼ੈਕਟਿਵ ਦੀ ਮੀਟਿੰਗ ਵਿਚ ਉਚੇਚੇ ਤੌਰ ਤੇ ਵਿਆਹਾਂ ਦੇ ਸਬੰਧ 'ਚ ਹੋਰ ਵਿਸ਼ੇਸ਼ ਸੁਧਾਰਾਂ ਬਾਰੇ ਵਿਚਾਰਾਂ ਹੋਈਆਂ। ਨਾਮਧਾਰੀਆਂ ਦੀ ਵਿਆਹ ਪ੍ਰਣਾਲੀ ਬਹੁਤ ਸਾਦੀ ਅਤੇ ਘੱਟ ਖਰਚੀਲੀ ਹੈ ਅਤੇ ਬਾਕੀ ਦੁਨੀਆ ਦੇ ਮੁਕਾਬਲੇ ਵਿਚ ਸਭ ਤੋਂ ਸੱਸਤੀ ਹੈ। ਪਰ ਕਿਸੇ ਪ੍ਰਣਾਲੀ ਜਾ ਵਿਧਾਨ ਨੂੰ ਕਾਇਮ ਕਰ ਲੈਣਾ ਹੀ ਤਾਂ ਸਭ ਕੁਝ ਨਹੀਂ ਹੁੰਦਾ ਉਸ ਨੂੰ ਲਾਗੂ ਕਰਨ ਅਤੇ ਪਹਿਰਾ ਦੇਣ ਲਈ ਨਿਰੰਤਰ ਜਤਨਾਂ ਦੀ ਲੋੜ ਰਹਿੰਦੀ ਹੈ।

ਅੱਜ ਸਾਡੇ ਦੇਸ਼ ਵਿਚ ਹਰ ਪ੍ਰਕਾਰ ਦੇ ਸਮਾਜ ਸੁਧਾਰਕ ਕਾਨੂੰਨ ਹਨ, ਵਿਆਹ ਦੇ ਮਸਲੇ ਤੇ ਦਾਜ ਵਿਰੋਧੀ ਕਾਨੂੰਨ ਤੋਂ ਲੈ ਕੇ ਗੈਸਟ ਕੰਟਰੋਲ ਤਕ ਦੇ ਕਾਨੂੰਨ ਹਨ ਪਰ ਅਮਲ ਕੌਣ ਕਰੇ ਕਰਾਵੇ ? ਸਭ ਆਪਣੀਆਂ ਮਜਬੂਰੀਆਂ ਵਿਚ ਬਝੇ ਹਨ। ਕੌਣ ਟਕਰ ਲਵੇ ? ਕੌਣ ਪੁਰਾਣੇ ਖਿਆਲਾਂ ਦੇ ਤਾਕਤਵਰ ਵਰਗ ਨਾਲ ਜੂਝੇ ? ਤੇ ਫੇਰ ਇਹਨਾਂ ਸਮਾਜਕ ਉਲੰਘਨਾਵਾਂ ਅਤੇ ਕੁਰੀਤੀਆਂ ਦੀ ਪੱਕੀ ਲਾਈਨ ਕਿਥੇ ਹੈ ? ਕੌਣ ਫੈਸਲਾ ਕਰੇ ਕਿ ਦਾਜ ਦਿਤਾ ਗਿਆ ਹੈ ਜਾਂ ਤੋਹਫਾ। ਨਾਲ ਆਉਣ ਵਾਲੇ ਸਜਨ ਬਰਾਤੀ ਹਨ ਜਾਂ ਮਿਤਰ। ਪੰਝੀ ਵਿਅਕਤੀਆਂ ਦਾ ਲਾੜੇ ਵਾਲਾ ਗਰੁਪ ਤਾਂ ਬਰਾਤ ਹੋ ਗਿਆ ਤੇ ਜੋ ਹੋਰ ਵੱਖ ਵੱਖ ਹੋਟਲਾਂ 'ਚ ਉਹਨਾਂ ਦੇ ਹੀ ਸਬੰਧੀ ਠਹਿਰਦੇ ਜ਼ਿਆਫਤਾਂ ਉੜਾਂਦੇ ਹਨ ਉਹ ਕੌਣ ਹਨ ? ਅੱਜ ਇਹ ਨਵੀਆਂ ਸਮਸਿਆਵਾਂ ਹਨ। ਕਿਸੇ ਵੀ ਕਾਨੂੰਨ ਦੇ ਲੂਪ ਹੋਲਾਂ ਦੀ ਵਰਤੋਂ ਕਰਕੇ ਸਮਾਜਕ ਕੁਰੀਤੀਆਂ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਰਹਿੰਦੀਆਂ ਹਨ। ਇਹਨਾਂ ਨੂੰ ਖ਼ਤਮ ਕਰਨ ਲਈ ਸਮਾਜ ਦੇ ਸੁਚੇਤ ਵਰਗ ਨੂੰ ਚੌਕਨਾ ਰਹਿ ਕੇ ਲਗਾਤਾਰ ਚੌਕਸੀ ਵਰਤ ਕੇ ਬਦਨਾਮੀਆਂ, ਔਕੜਾਂ, ਮੁਸੀਬਤਾਂ ਅਤੇ ਸਾਜ਼ਸ਼ਾਂ ਦਾ ਸਾਹਮਣਾ ਕਰਦੇ ਹੋਏ ਸੰਘਰਸ਼ ਕਰਨਾ ਪੈਂਦਾ ਹੈ।

ਨਾਮਧਾਰੀ ਅਨੰਦ ਮਰਯਾਦਾ ਦੀ ਨੀਂਹ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1863 ਨੂੰ ਹੀ ਰਖ ਦਿਤੀ ਸੀ ਪਰ ਉਸ ਦਾ ਮੌਜੂਦਾ ਰੂਪ ਉਸ ਵੇਲੇ ਤੋਂ ਲੈ ਕੇ ਹੁਣ ਤਕ ਹੋਏ ਕਈ ਪਰਿਵਰਤਨਾਂ ਪਿਛੋਂ ਬਣਿਆ ਹੈ। ਜਿਵੇਂ ਜਿਵੇਂ ਕੁਰੀਤੀਆਂ ਦੇ ਨਵੇਂ ਨਵੇਂ ਫਾਰਮੂਲੇ ਨਿਕਲਦੇ ਆਏ ਉਵੇਂ ਉਵੇਂ ਹੀ ਗੁਰੂ ਵਿਅਕਤੀਆਂ ਨੇ ਨਵੇਂ ਆਦੇਸ਼ ਜਾਰੀ ਕਰਕੇ ਅਤੇ ਜਤਨ ਕਰਕੇ ਉਹਨਾਂ ਨੂੰ ਬੰਦ ਕਰਨ ਦਾ ਜਤਨ ਕੀਤਾ। ਪਹਿਲਾਂ ਪੁਰਾਣੀ ਬ੍ਰਾਹਮਣੀ ਮਰਿਆਦਾ ਨੂੰ ਤਬਦੀਲ ਕੀਤਾ ਗਿਆ ਤੇ ਆਨੰਦ ਕਾਰਜ ਦੀ ਪ੍ਰਪਾਟੀ ਤੋਰੀ। ਫੇਰ ਘਰਾਂ ਵਿਚੋਂ ਵਿਆਹ ਕਰਨੇ ਬੰਦ ਕਰਕੇ ਮੇਲਿਆਂ ਵਿਚ ਸਮੂਹਕ ਵਿਆਹਾਂ ਦੀ ਲੀਹ ਤੋਰੀ, ਉਪਰੰਤ ਮੰਗਣੀਆਂ ਠਾਕੇ, ਸ਼ਗਨ ਬੰਦ ਕੀਤੇ ਅਤੇ ਹੁਣ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਸੇ ਵੀ ਰਸਮ ਨੂੰ ਭਾਵੇਂ ਉਹ ਅਰਦਾਸ ਹੀ ਕਿਉਂ ਨਾ ਹੋਵੇ ਅਨੰਦ ਕਾਰਜ ਤੋਂ ਪਹਿਲਾਂ ਬੰਦ ਕੀਤਾ ਹੈ। ਅਨੰਦ 'ਕਾਰਜ ਪਿਛੋਂ ਕਿਸੇ ਵੀ ਸੰਭਾਵੀ ਰੀਤ ਨੂੰ ਰੋਕਣ ਲਈ ਲੜਕੀ ਨੂੰ ਪੰਦਰਾਂ ਦਿਨ ਲਈ ਸਿਧੇ ਸੌਹਰੇ ਭੇਜਣ ਦੀ ਸਤਿਗੁਰੂ ਪ੍ਰਤਾਪ ਸਿ

ਵੇਲੇ ਦੀ ਪ੍ਰਪਾਟੀ ਨੂੰ ਹੋਰ ਸੁਦ੍ਰਿੜ ਕੀਤਾ ਹੈ ਅਤੇ ਅਨੰਦ ਕਾਰਜ ਤੋਂ ਪਿਛੋਂ ਕਿਸੇ ਵੀ ਰੀਤ, ਮਿਲਣੀ ਮੁਕਲਾਵੇ ਆਦਿ ਦੀ ਮਨਾਹੀ ਕੀਤੀ ਹੈ। ਉਹਨਾਂ ਦਾ ਸੰਕਲਪ ਹੈ ਕਿ ਵਿਆਹ ਨੂੰ ਇਕ ਸਾਧਾਰਨ ਘਟਨਾ ਤੋਂ ਵਧ ਨਹੀਂ ਰਹਿਣ ਦੇਣਾ।

ਪਰ ਚੂੰਕਿ ਨਾਮਧਾਰੀ ਸਮਾਜ ਦੀਆਂ ਜੜ੍ਹਾਂ ਵੀ ਬਾਕੀ ਦੇ ਸਮੁਚੇ ਸਮਾਜ ਵਿਚ ਹਨ ਇਸ ਵਾਸਤੇ ਵਿਆਹਾਂ ਸਬੰਧੀ ਸਮਸਿਆਵਾਂ ਤੋਂ ਬਿਲਕੁਲ ਮੁਕਤ ਨਹੀਂ ਹੋ ਸਕਿਆ ਗਿਆ। ਰਿਸ਼ਤੇਦਾਰੀਆਂ ਦੇ ਚੱਕਰ, ਰਿਸ਼ਤੇ ਕਰਨ ਦੀ ਸਮਸਿਆਵਾਂ ਜਾਤ ਬਰਾਦਰੀ ਦੀਆਂ ਹਦਾਂ, ਅਮੀਰ ਗਰੀਬ ਦੇ ਰੁਤਬੇ ਅਤੇ ਮੂੰਹ ਮੁਲਾਹਜ਼ੇ ਇਹਨਾਂ ਗਲਾਂ ਨੇ ਨਵੀਆਂ ਸਮਸਿਆਵਾਂ ਖੜੀਆਂ ਕੀਤੀਆਂ ਪਰ ਸਤਿਗੁਰੂ ਸਾਹਿਬਾਨ ਆਪਣੇ ਸਟੈਂਡ ਤੇ ਦ੍ਰਿੜ ਹਨ। ਇਸ ਮਾਮਲੇ ਵਿਚ ਵੱਡੇ ਤੋਂ ਵੱਡੇ ਅਸਰ ਰਸੂਖ ਵਾਲੇ ਬੰਦਿਆਂ, ਸਰਕਾਰੇ ਦਰਬਾਰੇ ਪਹੁੰਚ ਵਾਲੇ ਵਿਅਕਤੀਆਂ ਅਮੀਰਾਂ ਅਤੇ ਧਨਾਢਾਂ ਦੀ ਪਰਵਾਹ ਨਾ ਕਰਦੇ ਹੋਏ ਹਮੇਸ਼ਾਂ ਗਰੀਬ ਸਮਾਜ ਦੀ ਰਾਖੀ ਅਤੇ ਬਦ ਖਲਾਸ ਵਾਸਤੇ ਡਟੇ ਰਹੇ ਹਨ ਅਤੇ ਸੁਧਾਰ ਦੁਸ਼ਮਣ ਸ਼ਕਤੀਆਂ ਦਾ ਮੁਕਾਬਲਾ ਕਰਕੇ ਉਹਨਾਂ ਨੂੰ ਖਤਮ ਕਰਦੇ ਰਹੇ ਹਨ।

ਇਸ ਮੰਤਵ ਵਾਸਤੇ ਨੌਜੁਆਨ ਨਾਮਧਾਰੀ ਵਰਗ, ਗੁਰੂ ਜੀ ਦੇ ਇਨ੍ਹਾਂ ਸਮਾਜ ਸੁਧਾਰ ਉਦੇਸ਼ਾਂ ਦੀ ਪਾਲਣਾ ਵਾਸਤੇ ਬਹੁਤ ਤੱਤਪਰ ਰਹਿੰਦਾ ਹੈ ਅਤੇ ਕਈ ਹਾਲਤਾਂ ਵਿਚ ਤਾਂ ਨੌਜੁਆਨ ਆਪਣੇ ਇਹਨਾਂ ਆਦਰਸ਼ਾਂ ਦੀ ਪਾਲਣਾ ਹਿੱਤ ਆਪਣੇ ਮਾਪਿਆਂ ਅਤੇ ਹੋਰ ਰਿਸ਼ਤੇਦਾਰਾਂ ਨਾਲ ਟੱਕਰ ਵੀ ਲੈਂਦੇ ਹਨ। ਅਜਿਹੇ ਸਮਿਆਂ ਤੇ ਸਤਿਗੁਰੂ ਜੀ ਦੀ ਮਦਦ ਨੌਜਵਾਨਾ ਵਲ ਹੁੰਦੀ ਹੈ। ਐਸੀਆਂ ਮਿਸਾਲਾਂ ਵੀ ਹਨ ਕਿ ਬਜ਼ੁਰਗਾਂ ਨੇ ਕੁੜਮਾਂ ਕੋਲੋਂ ਕਿਸੇ ਸ਼ਕਲ ਵਿਚ ਕਪੜਾ ਲਤਾ ਆਦਿ ਲਏ ਹਨ (ਉਹ ਵੀ ਦਹੇਜ ਵਿਚ ਨਹੀਂ) ਤਾਂ ਉਹਨਾਂ ਲੜਕਿਆਂ ਨੇ ਖੁਦ ਆਪਣੇ ਮਾਪਿਆ ਦੇ ਖਿਲਾਫ ਸਤਿਗੁਰੂ ਜੀ ਕੋਲ ਸ਼ਕਾਇਤਾਂ ਕੀਤੀਆਂ ਤੇ ਉਹ ਸਾਰਾ ਲਿਆ ਸਮਾਨ ਲੜਕੀ ਵਾਲਿਆਂ ਨੂੰ ਵਾਪਸ ਕਰਵਾਇਆ ਗਿਆ।

ਭੈਣੀ ਸਾਹਿਬ ਦੇ ਇਸ ਸਮਾਗਮ ਤੇ ਨਾਮਧਾਰੀ ਵਿਦਿਅਕ ਜਥੇ ਨੇ ਇਥੇ ਹੋਣ ਵਾਲੇ ਪੰਜਾਹ ਤੋਂ ਉਪਰ ਜੋੜਿਆਂ ਦੇ ਅਨਦ ਕਾਰਜਾਂ ਸਬੰਧੀ ਤਫਤੀਸ਼ ਕੀਤੀ। ਠਾਕਰ ਦਲੀਪ ਸਿੰਘ ਜੀ ਤੇ ਵਿਦਿਅਕ ਜਥੇ ਦੇ ਪਰਧਾਨ ਸ: ਪ੍ਰੀਤਮ ਸਿੰਘ ਜੰਮੂ ਦੀ ਅਗਵਾਈ ਵਿਚ ਇਕ ਸਕਰੀਨਿੰਗ ਕਮੇਟੀ ਨੇ ਸਾਰੇ ਜੋੜਿਆਂ ਦੇ ਮਾਪਿਆਂ ਤੋਂ ਪੁਛ ਪੜਤਾਲ ਕੀਤੀ।

ਅਧਿਆਂ ਤੋਂ ਜ਼ਿਆਦਾ ਸਬੰਧੀਆਂ ਦੇ ਕੇਸ ਠੀਕ ਸਨ। ਬਾਕੀਆਂ ਵਿਚੋਂ ਜ਼ਿਆਦਾ ਨੇ ਅਰਦਾਸ ਕਰਕੇ ਸ਼ਗਨ ਦਾ ਇਕ ਰੁਪਿਆ ਲੈ ਲਿਆ ਸੀ ਅਤੇ ਦੋ ਚਾਰ ਕੇਸਾਂ ਵਿਚ ਸੌ ਰੁਪਏ ਤਕ ਸ਼ਗਨ ਲਏ ਗਏ ਸਨ। ਜੱਥੇ ਦੀ ਕਮੇਟੀ ਨੇ ਇਹ ਰੁਪਏ ਵਾਪਸ ਕਰਵਾਏ ਅਤੇ ਅਗੋਂ ਤੋਂ ਅਰਦਾਸ ਨਾ ਕਰਨ ਲਈ ਵੀ ਹਦਾਇਤਾਂ ਕੀਤੀਆਂ। ਦੋ ਕੇਸ ਐਸੇ ਸਨ ਜਿਹਨਾਂ ਨੇ ਰੁਪਿਆ ਪੈਸਾ ਤਾਂ ਕੋਈ ਨਹੀਂ ਸੀ ਲਿਆ ਦਿਤਾ ਪਰ ਗੁੜ ਦੀ ਰੋੜੀ ਦਿਤੀ ਸੀ। ਇਹ ਕੇਸ ਸਤਿਗੁਰੂ ਜੀ ਦੇ ਸਪੁਰਦ ਕੀਤੇ ਗਏ। ਉਹਨਾਂ ਹੁਕਮ ਕੀਤਾ ਕਿ ਇਹ ਸਜਨ ਗੁੜ ਦੀ ਰੋੜੀ ਖਰੀਦ ਕੇ ਵਾਪਸ ਕਰਨ। ਅਨੰਦ ਕਾਰਜਾਂ ਦੇ ਵੇਲੇ ਪਤਾ ਲਗਾ ਕਿ ਇਕ ਲੜਕਾ ਤਾਂ ਅਨੰਦ ਮੰਡਪ ਵਿਚ ਹਾਜ਼ਰ ਹੈ ਪਰ ਲੜਕੀ ਨਹੀਂ ਆਈ। ਉਸੇ ਵੇਲੇ ਹੀ ਸਤਿਗੁਰੂ ਦੀ ਇਛਿਆ ਨੂੰ ਫੁਲ ਚਾੜਦੇ ਹੋਏ ਇਕ ਸਜਨ ਨੇ ਆਪਣੀ ਭਤੀਜੀ ਨੂੰ ਲਿਆ ਮੰਡਪ ਵਿਚ ਬੈਠਾਇਆ ਤੇ ਉਸ ਜੋੜੀ ਦਾ ਵੀ ਅਨੰਦ ਕਾਰਜ ਕੀਤਾ ਗਿਆ।

ਜੱਥੇ ਵਲੋਂ ਇਸ ਸਮਾਗਮ ਤੇ ਇਕ ਚਿਤ੍ਰ ਪ੍ਰਦਰਸ਼ਨੀ ਵੀ ਲਾਈ ਗਈ ਸੀ ਜਿਸ ਰਾਹੀਂ ਸਮੁਚਾ ਨਾਮਧਾਰੀ ਇਤਿਹਾਸ ਅੰਕਤ ਕੀਤਾ ਗਿਆ ਸੀ ਇਹ ਪ੍ਰਦਰਸ਼ਨੀ ਬੜੀ ਖਿਚ ਦਾ ਕਾਰਨ ਸੀ।

ਭੈਣੀ ਸਾਹਿਬ ਵਿਚ ਜਥੇ ਦਾ ਇਕ ਪਕਾ ਦਫਤਰ ਅਤੇ ਲਾਇਬਰੇਰੀ ਕਾਇਮ ਕਰਨ ਵਾਸਤੇ ਸ਼ਾਨਦਾਰ ਜਗਾਹ ਦਾ ਇੰਤਜ਼ਾਮ ਕੀਤਾ ਗਿਆ। ਇਸ ਸਮਾਗਮ ਤੇ ਸਾਹਿਤ ਦੀ ਵਿਕਰੀ ਲਈ ਵੀ ਸਟਾਲ ਲੱਗੇ ਹੋਏ ਸਨ। ਏਥੇ ਪੰਜਾਬੀ ਪੁਸਤਕਾਂ ਤਸਵੀਰਾਂ ਅਤੇ ਮੈਗਜ਼ੀਨਾਂ ਦੀ ਵਿਕਰੀ ਦਾ ਪਰਬੰਧ ਸੀ—ਆਸ ਹੈ ਜੱਥਾ ਅਪਣੇ ਜਤਨਾਂ ਨੂੰ ਹੋਰ ਵੀ ਸਾਰਥਕ ਰੂਪ ਦੇਵੇਗਾ।

ਬਾਵਾ ਬਲਵੰਤ ਸਮਾਰੋਹ

ਪੰਜਾਬੀ ਦੇ ਸਿਰਮੌਰ ਅਤੇ ਨਵੀਆਂ ਲੀਹਾਂ ਉਲੀਕਣ ਵਾਲੇ ਕਵੀ ਬਾਵਾ ਬਲਵੰਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵਾਸਤੇ 17 ਅਕਤੂਬਰ, 1976 ਨੂੰ ਨਵੀਂ ਦਿੱਲੀ ਕਾਂਸਟੀ-ਚਿਊਸ਼ਨ ਕਲੱਬ ਵਿਖੇ ਮਾਂ ਬੋਲੀ ਦਾ ਸਤਿਕਾਰ ਕਰਨ ਵਾਲੀਆਂ ਪ੍ਰਮੁੱਖ ਸੰਸਥਾਵਾਂ ਨੇ ਇਕ ਇਕਤਰਤਾ ਦਾ ਆਯੋਜਨ ਕੀਤਾ। 'ਬਾਵਾ ਬਲਵੰਤ ਮੈਮੋਰੀਅਲ ਸੁਸਾਇਟੀ' ਦੇ ਕਨਵੀਨਰ ਸ: ਮਨੋਹਰ ਸਿੰਘ 'ਮਾਰਕੋ' ਨੇ ਆਪਣੇ ਅਣ-ਥਕ ਯਤਨਾਂ ਰਾਹੀਂ ਦਿੱਲੀ ਵਿਚ ਵਸ ਰਹੇ ਹਰ ਇਕ ਉਘੇ ਸਾਹਿਤਕਾਰ ਅਤੇ ਪੱਤਰਕਾਰ ਨੂੰ ਆਉਣ ਦਾ ਵਿਸ਼ੇਸ਼ ਸਦਾ ਦਿਤਾ।

ਇਸ ਸਭਾ ਦੀ ਪ੍ਰਧਾਨਗੀ ਸ: ਸੋਹਣ ਸਿੰਘ 'ਜੋਸ਼' ਬਜ਼ੁਰਗ ਸਾਹਿਤਕਾਰ ਨੇ ਕੀਤੀ। ਸ੍ਰੀ ਕਰਨਜੀਤ ਸਿੰਘ ਨੇ ਮੰਚ ਸੰਚਾਲਣ ਕਰਦੇ ਹੋਏ ਕਈ ਨਿਗਰ ਅਤੇ ਲਾਹੇਵੰਦ ਸੁਝਾਅ ਦਿਤੇ। ਟੇਪ ਰਿਕਾਰਡ ਵਿਚ ਬਾਵਾ ਜੀ ਦੀ ਦਰਦ-ਭਰੀ ਤੇ ਟੁੰਬਣ ਵਾਲੀ ਆਵਾਜ਼ ਨਾਲ ਸਮਾਰੋਹ ਦਾ ਆਰੰਭ ਕੀਤਾ ਗਿਆ।

ਇਸ ਅਵਸਰ ਉਤੇ ਕਰਨਾਲ ਤੋਂ ਵਿਸ਼ੇਸ਼ ਤੌਰ 'ਤੇ ਆਪਣੀ ਸ਼ਰਧਾਂਜਲੀ ਅਰਪਣ ਕਰਨ ਲਈ ਬਾਵਾ ਜੀ ਦੇ ਨਜ਼ਦੀਕੀ ਮਿੱਤਰ ਸ੍ਰੀ ਸੁਮੇਰ ਨੇ ਪੁਰਾਣੀਆਂ ਯਾਦਾਂ ਨੂੰ ਬੜੇ ਭਾਵੁਕ ਅਤੇ ਪ੍ਰਭਾਵਪੂਰਨ ਢੰਗ ਨਾਲ ਪੇਸ਼ ਕੀਤਾ ਅਤੇ ਉਨ੍ਹਾਂ ਨੇ ਸੁਰਗਵਾਸੀ ਦੀ ਸਾਦਗੀ ਅਤੇ ਖੁਦਦਾਰੀ ਦੇ ਪੁਤਲੇ ਦੇ ਕਈ ਲੁਕੇ ਹੋਏ ਗੁਣਾਂ ਅਤੇ ਪਹਿਲੂਆਂ ਉਤੇ ਚਾਨਣਾ ਪਾਇਆ।

ਸ੍ਰੀ ਮਨੋਹਰ ਸਿੰਘ ਮਾਰਕੋ ਨੇ ਆਪਣੇ ਪੇਪਰ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਸ: ਜੋਗਾ ਸਿੰਘ 'ਜਗਿਆਸੂ' ਨੇ ਬਾਵਾ ਜੀ ਦੀ 'ਬਾਗੀ' ਨਾਂ ਦੀ ਕਵਿਤਾ ਪੜ੍ਹ ਕੇ ਹਰ ਇਕ ਦੇ ਦਿਲ ਨੂੰ ਆਪਣੇ ਮਧੁਰ ਕੰਠ ਅਤੇ ਜੋਸ਼ ਅਤੇ ਉਸ ਤੋਂ ਵੀ ਵਧ ਵਿਚਾਰਾਂ ਦੇ ਪ੍ਰਵਾਹ ਨਾਲ ਤਾਂ ਜਿਵੇਂ ਕੀਲ ਹੀ ਲਿਆ ਹੋਵੇ। ਸਾਰੇ ਸਰੋਤੇ ਮੰਤਰ ਮੁਗਧ ਹੋ ਕੇ, ਉਸ ਮਹਾਨ ਕਵੀ ਦੀਆਂ ਉੱਚੀਆਂ ਉਡਾਣਾਂ ਦਾ ਆਨੰਦ ਮਾਣ ਰਹੇ ਸਨ। ਇਥੇ ਹੀ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਵਿਗਿਆਨਕ ਅਤੇ ਨਵੀਆਂ ਸੇਧਾਂ ਦੇਣ ਵਾਲਾ ਕਵੀ ਕਿਸੇ ਦੇ ਸਾਹਮਣੇ ਨਿਵੇਂ ਮਸਤਕ ਹੋ ਕੇ, ਕਿਸੇ ਚੀਜ਼ ਦੀ ਯਾਤਨਾ ਨਹੀਂ ਕਰਦਾ, ਸਗੋਂ ਆਪਣਾ ਹੱਕੀ ਥਾਂ ਸਾਹਿਤ ਵਿਚ ਲੱਭਦਾ ਹੈ। ਸ਼ਾਇਦ ਸਾਡੇ ਦੇਸ਼ ਦੀ ਪਰੰਪਰਾ ਹੀ ਕੁਝ ਅਜਿਹੀ ਹੈ ਕਿ ਅਸੀਂ ਮਹਾਨ ਆਤਮਾਵਾਂ ਦਾ ਮੁਲਾਂਕਣ ਉਹਨਾਂ ਦੇ ਮਰਨ ਉਪਰੰਤ ਹੀ ਕਰਦੇ ਹਾਂ।

ਬਾਵਾ ਜੀ ਦੇ ਨਿਘੇ ਮਿੱਤਰ ਸ੍ਰੀ ਤੁਲੀ ਹੋਰਾਂ ਵਲੋਂ ਭੇਜੀ ਹੋਈ ਚਿੱਠੀ ਅਤੇ ਬਾਵਾ ਜੀ ਬਾਰੇ ਕਵਿਤਾ ਨੂੰ ਸ: ਮੋਹਣ ਸਿੰਘ "ਬੇਤੀ" ਨੇ ਪੜ੍ਹ ਕੇ ਸੁਣਾਇਆ। ਸ: ਤੀਰਥ ਸਿੰਘ ਨੇ ਬਾਵਾ ਬਲਵੰਤ ਦੀ ਗਜ਼ਲ ਸੁਣਾ ਕੇ ਤਾਂ ਸਰੋਤਿਆਂ ਦਾ ਦਿਲ ਮੋਹ ਲਿਆ। ਪੰਜਾਬੀ ਦੇ ਪ੍ਰਮੁੱਖ ਨਾਵਲਕਾਰ ਸ: ਜਸਵੰਤ ਸਿੰਘ 'ਕੰਵਲ' ਅਤੇ ਡਾਕਟਰ ਅਜੀਤ ਸਿੰਘ - ਨੇ ਇਸ ਯਾਦਗਾਰ ਕਮੇਟੀ ਨੂੰ ਬਾਵਾ ਜੀ ਦੀ ਯਾਦ ਵਿਚ ਕੋਈ ਪੁਰਸਕਾਰ ਆਦਿ ਸਥਾਪਤ ਕਰ ਕੇ ਸਦੀਵੀ ਬਨਾਉਣ ਲਈ ਬੇਨਤੀ ਕੀਤੀ। ਕਾਫੀ ਸਜਣਾਂ ਨੇ ਇਸ ਫੰਡ ਵਿਚ ਆਪਣਾ ਯੋਗਦਾਨ ਦੇਣ ਲਈ ਆਪਣੇ ਨਾਂ ਲਿਖਵਾਏ ਅਤੇ ਹੋਰ ਮੈਂਬਰ ਬਨਾਉਣ ਦਾ ਵਾਇਦਾ ਕੀਤਾ।

ਅੰਤ ਵਿ। ਜੋਸ਼ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਇਕ ਅਧਿਐਨ ਕੇਂਦਰ ਖੋਲ੍ਹਣ ਦੀ ਤਜਵੀਜ਼ ਪੇਸ਼ ਕੀਤੀ, ਜਿਥੇ ਕਿ ਬਾਵਾ ਜੀ ਸਬੰਧੀ ਸਾਰਾ ਸਾਹਿਤ ਮੁਹੱਈਆ ਕੀਤਾ ਜਾਵੇ, ਤਾਂ ਜੋ ਵਿਸ਼ੇਸ਼ ਤੌਰ 'ਤੇ ਵਿਦਿਆਰਥੀ ਵਰਗ ਅਤੇ ਨੌਜਵਾਨ ਉਹਨਾਂ ਦੀ ਵਡਮੁੱਲੀ ਦੇਣ ਤੋਂ ਲਾਭ ਉਠਾ ਸਕਣ।

ਉਪਰੰਤ, ਆਏ ਸਰੋਤਿਆਂ ਲਈ ਮਾਰਕੋ ਜੀ ਵਲੋਂ ਚਾਹ ਆਦਿ ਦਾ ਢੁਕਵਾਂ ਪ੍ਰਬੰਧ ਵੀ ਕੀਤਾ ਗਿਆ ਸੀ, ਤਾਂ ਕਿ ਸਾਹਿਤਕਾਰ ਚਾਹ ਦੀ ਮੇਜ਼ 'ਤੇ ਆਪਸੀ ਜਾਣ-ਪਛਾਣ ਹੋਰ ਵਧਾ ਸਕਣ।

ਸੁਰਜੀਤ ਰਾਮਪੁਰੀ ਦਾ ਸਨਮਾਨ

—ਹਰਚਰਨ ਮਾਂਗਟ

3-10-76 ਨੂੰ ਕੈਨਾਲ ਰੈਸਟ ਹਾਊਸ ਰਾਮਪੁਰ ਵਿਖੇ ਪੰਜਾਬੀ ਲਿਖਾਰੀ ਸਭਾ ਰਾਮਪੁਰ ਦਾ 23 ਵਾਂ ਵਾਰਸ਼ਕ ਸਮਾਗਮ ਪ੍ਰਸਿੱਧ ਪੰਜਾਬੀ ਕਵੀ ਸੁਰਜੀਤ ਰਾਮਪੁਰੀ ਦੇ ਸਨਮਾਨ ਸਮਾਰੋਹ ਦੇ ਰੂਪ ਵਿੱਚ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾਕਟਰ ਗੁਰਚਰਨ ਸਿੰਘ ਚੇਅਰਮੈਨ ਪੰਜਾਬ ਸਕੂਲ ਸਿਖਿਆ ਬੋਰਡ ਨੇ ਕੀਤੀ। ਇਸ ਸਮਾਗਮ ਦਾ ਉਦਘਾਟਨ ਕਰਦਿਆਂ ਪ੍ਰੋ: ਸ: ਨ: ਸੇਵਕ ਨੇ ਕਿਹਾ ਕਿ ਸੁਰਜੀਤ ਰਾਮਪੁਰੀ, ਅਮ੍ਰਿਤਾ ਪ੍ਰੀਤਮ, ਮੋਹਣ ਸਿੰਘ ਦੀ ਪਰੰਪਰਾ ਨੂੰ ਅੱਗੇ ਤੋਰਨ ਵਾਲਾ ਰੁਮਾਂਟਿੱਕ ਕਵੀ ਹੈ। ਪ੍ਰੋ: ਸੇਵਕ ਅਨੁਸਾਰ ਸੁਰਜੀਤ ਰਾਮਪੁਰੀ ਦੇ ਸੁਪਨੇ ਲੋਕ ਪੀੜ ਨਾਲ ਰੰਗੇ ਹੋਏ ਹਨ। ਕਵੀ ਸਮੇਂ ਦੇ ਕੌੜੇ ਯਥਾਰਥ ਤੋਂ ਭਲੀ ਭਾਂਤ ਵਾਕਿਫ ਹੈ। ਸਭਾ ਦੇ ਮੀਤ ਪ੍ਰਧਾਨ ਹਰਬੰਸ ਰਾਮਪੁਰੀ ਨੇ ਸੁਰਜੀਤ ਰਾਮਪੁਰੀ ਨੂੰ ਸਨਮਾਨਤ ਕਰਨ ਲਈ ਸਭਾ ਵਲੋਂ ਇਕ ਦੁਸ਼ਾਲਾ ਭੇਟ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਸ: ਬੇਅੰਤ ਸਿੰਘ ਐਮ. ਐਲ. ਏ. ਨੇ ਸੁਰਜੀਤ ਰਾਮਪੁਰੀ ਦੀ ਕਾਵਿ-ਕਲਾ ਅਤੇ ਸਭਾ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਤੇ ਡਾਕਟਰ ਗੁਰਚਰਨ ਸਿੰਘ ਹੋਰਾਂ ਨੇ ਦੋ ਰਸਾਲੇ ਤ੍ਰੈ-ਮਾਸਿਕ ਸੁਰਤਾਲ (ਸੁਰਜੀਤ ਰਾਮਪੁਰੀ ਅੰਕ) ਅਤੇ ਮਾਸਿਕ 'ਪੁਕਾਰ' ਰਲੀਜ਼ ਕੀਤੇ। ਸਭਾ ਦੀ ਤੇਈ ਸਾਲਾ ਰਿਪੋਰਟ ਸਭਾ ਦੇ ਸਕੱਤਰ ਕੁਲਵੰਤ ਨੀਲੋਂ ਨੇ ਪੜ੍ਹੀ। ਸਟੇਜ ਸਕੱਤਰ ਦੇ ਫਰਜ਼ ਅੰਮ੍ਰਿਤ ਰਾਮਪੁਰੀ ਨੇ ਨਿਭਾਏ। ਡਾਕਟਰ ਰਣਧੀਰ ਸਿੰਘ ਚੰਦ ਨੇ ਸੁਰਜੀਤ ਰਾਮਪੁਰੀ ਦੀ ਕਾਵਿ ਕਲਾ ਬਾਰੇ ਇਕ ਪੇਪਰ ਪੜ੍ਹਿਆ, ਜਿਸ ਤੇ ਭੱਖਵੀਂ ਬਹਿਸ ਹੋਈ। ਬਹਿਸ ਸ਼ੁਰੂ ਕਰਦਿਆਂ ਡਾਕਟਰ ਸ: ਸ: ਦੁਸਾਂਝ ਨੇ ਕਿਹਾ ਕਿ ਕਵੀ ਸਮਾਜਵਾਦ ਤੇ ਵਿਅਕਤੀਵਾਦ ਦੇ ਵਿਚਕਾਰ ਖਲੋਤਾ ਪ੍ਰਤੀਤ ਹੁੰਦਾ ਹੈ। ਸੰਤੋਖ ਸਿੰਘ ਨੇ ਕਿਹਾ ਕਿ ਪੇਪਰ ਵਿਚ ਕਵੀ ਦੇ ਗੱਜ਼ਲ ਪੱਖ ਨੂੰ ਵਧੇਰੇ ਮਾਨਤਾ ਦਿਤੀ ਗਈ ਹੈ। ਧੀਰ ਨੇ ਕਿਹਾ ਕਿ ਗਜ਼ਲ ਦੇ ਰੂਪ ਵਿਚ ਉਚ ਪਾਏ ਦੀ ਕਵਿਤਾ ਨਹੀਂ ਰਚੀ ਜਾ ਸਕਦੀ। ਪ੍ਰੋ: ਹਮਦਰਦਵੀਰ ਨੇ ਸੁਰਜੀਤ ਰਾਮਪੁਰੀ ਨੂੰ ਵਿਕਾਸਵਾਦੀ ਅਤੇ ਯਥਾਰਥਵਾਦੀ ਕਵੀ ਮੰਨਣ ਤੋਂ ਇਨਕਾਰ ਕੀਤਾ। ਪ੍ਰੋ: ਸਾਹਿਬ ਨੇ ਗ਼ਜ਼ਲ ਸਬੰਧੀ ਧੀਰ ਦੇ ਵਿਚਾਰਾਂ ਦੀ ਪੁਸ਼ਟੀ ਕੀਤੀ। ਡਾ: ਦੇਵਿੰਦਰ ਸਿੰਘ ਵਿਦਿਆਰਥੀ ਨੇ ਕਿਹਾ, ਪਰਚਾ ਅਲੋਚਨਾਤਮਕ ਨਹੀਂ ਹੈ। ਸਗੋਂ ਪਰਚੇ ਵਿਚ ਇਕ ਕਵੀ ਨੇ ਦੂਜੇ ਕਵੀ ਨੂੰ ਮਾਣਿਆ ਵਧੇਰੇ ਹੈ। ਕੁਲਵੰਤ ਨੀਲੋਂ ਦਾ ਕਹਿਣਾ ਸੀ ਕਿ ਪਰਚਾ ਦਿਆਲੂ ਅਤੇ ਸ਼ਰਧਾਲੂ ਭਾਵਾਂ ਅਧੀਨ ਹੈ ਤੇ ਸੁਰਜੀਤ ਰਾਮਪੁਰੀ ਰੋਮਾਂਸਵਾਦੀ ਏਨਾ ਨਹੀਂ ਜਿੰਨਾ ਵਾਸ਼ਨਾਵਾਦੀ ਹੈ। ਹਰਚਰਨ ਮਾਂਗਟ ਨੇ ਕਿਹਾ ਕਿ ਸੁਰਜੀਤ ਰਾਮਪੁਰੀ ਨੇ ਹੁਸੀਨ ਹੰਝੂ ਤਾਂ ਬਹੁਤ ਵਿਖਾਏ ਹਨ, ਪ੍ਰੰਤੂ ਮੁੜਕੇ ਦਾ ਹੁਸੀਨ ਕਤਰਾ ਨਹੀਂ ਵਿਖਾ ਸਕਿਆ। ਮਾਂਗਟ ਸਮਝਦਾ ਹੈ ਕਿ ਸੁਰਜੀਤ ਨੂੰ ਸ਼ਾਇਦ ਮੁੜਕਾ ਕਦੀ ਆਇਆ ਹੀ ਨਹੀਂ। ਮੱਲ ਸਿੰਘ ਦਾ ਵਿਚਾਰ ਸੀ, ਕਿ ਸੁਰਜੀਤ ਉਧਾਰੇ ਅਨੁਭਵਾਂ ਤੋਂ ਬੱਚ ਨਹੀਂ ਸਕਿਆ ਬਹਿਸ ਨੂੰ ਸਮੇਟਦਿਆਂ ਡਾ: ਗੁਰਚਰਨ ਸਿੰਘ ਹੁਰਾਂ ਨੇ ਰੁਮਾਂਸ ਦੀ ਪਰੀਭਾਸ਼ਾ ਦਸਦਿਆਂ ਕਿਹਾ ਕਿ ਰੁਮਾਂਸ ਦਾ ਅਰਥ ਵਾਸ਼ਨਾ ਨਹੀਂ। ਉਨ੍ਹਾਂ ਕਿਹਾ ਰੁਮਾਂਸਵਾਦੀ ਅਤੇ ਅਗਰਗਾਮੀ ਹੋਣਾ ਦੋ ਵਿਰੋਧੀ ਗੱਲਾਂ ਨਹੀਂ ਹਨ। ਡਾਕਟਰ ਸਾਹਿਬ ਨੇ ਸੁਰਜੀਤ ਰਾਮਪੁਰੀ ਦੀ ਸ਼ਰੋਦੀ ਅਤੇ ਰੁਮਾਂਸਵਾਦੀ ਕਵਿਤਾ ਦੀ ਭਰਪੂਰ ਸ਼ਲਾਘਾ ਕੀਤੀ। ਡਾਕਟਰ ਸਾਹਿਬ ਨੇ ਸਭਾ ਦੀ ਇਲਾਕੇ ਨੂੰ ਸਭਿਆਚਾਰਕ ਦੇਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਮਪੁਰ ਤੇ ਰਾਮਪੁਰੀਏ ਸੱਚਮੁੱਚ ਹੀ ਲੋਕਾਂ ਦੇ ਸਤਿਕਾਰ ਦੇ ਪਾਤਰ ਹਨ। ਸੁਰਜੀਤ ਰਾਮਪੁਰੀ ਨੇ ਬਾਹਰੋਂ ਆਏ ਲੇਖਕਾਂ ਚਿੰਤਕਾਂ ਅਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ। ਸੁਰਜੀਤ ਰਾਮਪੁਰੀ ਨੇ ਡਾਕਟਰ ਸਾਹਿਬ ਦਾ ਧੰਨਵਾਦ ਕੀਤਾ ਕਿ ਉਹਨਾਂ ਨੇ ਇਸ ਸਮਾਗਮ ਦੀ ਪ੍ਰਧਾਨਗੀ ਕਰ ਕੇ ਸਭਾ ਨੂੰ ਅਥਾਹ ਖੁਸ਼ੀ ਪ੍ਰਦਾਨ ਕੀਤੀ। ਡਾਕਟਰ ਸਾਹਿਬ ਦਾ ਸਵਾਗਤ

ਕਰਦਿਆਂ ਸੁਰਜੀਤ ਰਾਮਪੁਰੀ ਨੇ ਕਿਹਾ ਕਿ ਡਾਕਟਰ ਸਾਹਿਬ ਇਕ ਪ੍ਰਤਿੱਭਾਸ਼ਾਲੀ ਲੇਖਕ ਆਲੋਚਕ ਅਤੇ ਗ਼ਜ਼ਲ ਗੋ ਹਨ। ਉਹਨਾਂ ਦਸਿਆ ਕਿ ਡਾਕਟਰ ਸਾਹਿਬ ਨੇ ਲਗਭਗ 40 ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਹਨ । ਰਾਤ ਨੂੰ ਸੁਰਜੀਤ ਰਾਮਪੁਰੀ ਦੀ ਪ੍ਰਧਾਨਗੀ ਹੇਠ ਕਵੀ ਦਰਬਾਰ ਕੀਤਾ ਗਿਆ। ਜਿਸ ਦਾ ਉਦਘਾਟਨ ਮੱਲ ਸਿੰਘ ਰਾਮਪੁਰੀ ਨੇ ਕੀਤਾ। ਸਟੇਜ ਸਕੱਤਰ ਦੇ ਫਰਜ ਕੁਲਵੰਤ ਨੀਲੋਂ ਨੇ ਅਦਾ ਕੀਤੇ। ਭਾਗ ਲੈਣ ਵਾਲੇ ਕਵੀ ਸਨ, ਸਰਵ ਸ੍ਰੀ ਕੁਲਵੰਤ ਜਗਰਾਉਂ, ਸੁਖਮਿੰਦਰ ਰਾਮਪੁਰੀ, ਮਹਿੰਦਰ ਕੈਦੀ, ਹਰਪਾਲ ਕਣੇਚਵੀ, ਮਹਿੰਦਰ ਰਾਮਪੁਰੀ, ਸ਼ੇਰ ਜੰਗ ਕਣੇਚਵੀ, ਹਰਚੰਦ ਮਾਂਗਟ, ਜਸਵੰਤ ਖਟਕੜ, ਜੈਰਾਮ ਨਿਰਦੋਸ਼, ਰਜਿੰਦਰ ਕੌਰ ਨਾਹਿਰ, ਜਸਵੰਤ ਧਮੋਟ, ਭੂਪਿੰਦਰ ਦਰਦੀ, ਸਵਰਨ ਕਣੇਚ, ਦਲਜਿੰਦਰ, ਨਿਰੰਜਨ ਸਿੰਘ ਸਾਥੀ, ਦਿਆਲ ਸਿੰਘ ਚੰਮਨ, ਹਰਦੇਵ ਸਿੰਘ, ਪ੍ਰੀਤਮ ਦਾਸ ਠਾਕੁਰ, ਅਤੇ ਰਾਵਿੰਦਰ ਗਰੇਵਾਲ। ਸੁਖਮਿੰਦਰ ਰਾਮਪੁਰੀ ਨੇ ਰੋਟੀ ਦਾ, ਹਰਬੰਸ ਰਾਮਪੁਰੀ ਅਤੇ ਸੁਰਿੰਦਰ ਰਾਮਪੁਰੀ ਨੇ ਚਾਹ ਦਾ ਅਤੇ ਮਹਿਦਰ ਰਾਮਪੁਰੀ ਨੇ ਸਟੇਜ ਦਾ ਵਧੀਆ ਪ੍ਰਬੰਧ ਕੀਤਾ।

——

ਤਬਦੀਲੀ

ਪੰਜਾਬ ਦੇ ਪ੍ਰਸਿਧ ਗਾਇਕ ਅਤੇ ਸਿਤਾਰ ਵਾਦਕ ਪ੍ਰੋ: ਜੋਗਿੰਦਰ ਸਿੰਘ ਬਾਵਰਾ ਗੌ: ਰਣਧੀਰ ਕਲਾਜ ਕਪੂਰਥਲਾ ਤੋਂ ਤਬਦੀਲ ਕਰ ਕੇ ਗੌ: ਕਾਲਜ ਆਫ ਐਜੂਕੇਸ਼ਨ ਜਲੰਧਰ ਵਿਚ ਹੈਡ ਆਫ ਦਾ ਸੰਗੀਤ ਵਿਭਾਗ ਮੁਕਰਰ ਕੀਤੇ ਗਏ ਹਨ। ਉਹਨਾਂ ਨੇ ਚਾਰਜ ਸੰਭਾਲ ਕੇ ਕੰਮ ਸ਼ੁਰੂ ਕਰ ਦਿਤਾ ਹੈ।

——

ਜਲੰਧਰ ਵਿਚ ਭਾਸ਼ਾ ਵਿਭਾਗ ਵਲੋਂ ਕਵੀ ਦਰਬਾਰ

ਜਲੰਧਰ ਦੇ ਕੰਪਨੀ ਬਾਗ ਵਿਚ 15 ਅਕਤੂਬਰ 1976 ਸ਼ਾਮ ਨੂੰ ਭਾਸ਼ਾ ਵਿਭਾਗ ਵਲੋਂ ਇਕ ਪੰਜਾਬੀ ਕਵੀ ਦਰਬਾਰ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਪ੍ਰਸਿਧ ਗਜ਼ਲਗੋ ਸ: ਸਾਧੂ ਸਿੰਘ ਹਮਦਰਦ ਐਡੀਟਰ 'ਅਜੀਤ' ਨੇ ਕੀਤੀ। ਇਸ ਵਿਚ ਹਮਦਰਦ ਜੀ ਤੋਂ ਇਲਾਵਾ ਪੰਜਾਬੀ ਦੇ ਉਘੇ ਕਵੀ ਤੇ ਗਜ਼ਲਗੋ ਜਿਵੇਂ ਸ: ਸੂਬਾ ਸਿੰਘ, ਗੁਰਦੇਵ ਸਿੰਘ ਮਾਨ, ਸ: ਸ: ਮੀਸ਼ਾ, ਹਜ਼ਾਰਾ ਸਿੰਘ ਮੁਸ਼ਤਾਕ, ਆਦਰਸ਼ ਕੁਮਾਰ ਦਰਸ਼ੀ, ਦੀਪਕ ਜੈਤੋਈ, ਜਸਵੰਤ ਰਾਏ ਰਾਏ, ਸ੍ਰੀਮਤੀ ਨਿਰਅੰਜਣ ਅਵਤਾਰ, ਹਰਦਿਆਲ ਸਿੰਘ ਬਾਗ਼ੀ ਇਤਿਆਦਕ ਨੇ ਭਾਗ ਲਿਆ। ਸ਼ੁਰੂ ਵਿਚ ਕਵੀ ਦਰਬਾਰ ਕੁਝ ਲਿਸਾ ਰਿਹਾ ਪਰ ਹਮਦਰਦ ਸਾਹਿਬ ਨੇ ਆਪ ਸਟੇਜ ਸੰਭਾਲ ਕੇ ਕਵੀ ਦਰਬਾਰ ਨੂੰ ਜੋਬਨ ਤੇ ਲੈ ਆਂਦਾ। ਕਵੀ ਦਰਬਾਰ ਵਿਚ ਬਹੁਤੀਆਂ ਗਜ਼ਲਾਂ ਹੀ ਸੁਣਾਈਆਂ ਗਈਆਂ। ਭਾਸ਼ਾ ਵਿਭਾਗ ਦੇ ਡਾਇਰੈਕਟਰ ਪ੍ਰੋ: ਰਜਨੀਸ਼ਕੁਮਾਰ ਜੀ ਨੇ ਸਭ ਦਾ ਸੁਆਗਤ ਕੀਤਾ ਅਤੇ ਦਸਿਆ ਕਿ ਪੰਜਾਬੀ ਕਵੀ ਦਰਬਾਰਾਂ ਦੀ ਗੋਲਡਨ ਜੁਬਲੀ ਮਨਾਉਣ ਲਈ ਅਜਿਹੇ ਕਵੀ ਦਰਬਾਰ ਸਭ ਸ਼ਹਿਰਾਂ ਵਿਚ ਕੀਤੇ ਜਾਣਗੇ।

ਇਕ ਗੋਸ਼ਟੀ :

ਜਲੰਧਰ ਵਿਚ ਪੰਜਾਬੀ ਰੰਗ ਮੰਚ ਦੀਆਂ ਸਮੱਸਿਆਵਾਂ

(ਜੰਗ ਬਹਾਦਰ ਸਿੰਘ-ਘੁਈ)

31 ਅਕਤੂਬਰ ਨੂੰ ਤਰਸੇਮ ਨੀਲਗਿਰੀ ਦੇ ਨਿਵਾਸ ਅਸਥਾਨ ਤੇ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਇਕ ਸਾਹਿਤਕ ਗੋਸ਼ਟੀ ਹੋਈ ਜਿਸ ਵਿਚ ਮੁਖ ਸਮੱਸਿਆ ਸੀ : ਜਲੰਧਰ ਵਿਚ ਪੰਜਾਬੀ ਰੰਗਮੰਚ ਦੀ ਸਥਾਪਨਾ ਤੇ ਵਿਕਾਸ ਦੀਆਂ ਸਮਸਿਆਵਾਂ। ਇਸ ਵਿਚ 80 ਤੋਂ ਵਧ ਵਿਅਕਤੀਆਂ ਨੇ ਹਿਸਾ ਲਿਆ। ਸਟੇਜ ਸਕਤਰ ਦੀ ਸੇਵਾ ਨਿਭਾਉਂਦਿਆਂ ਸ: ਗੁਰਬਖਸ਼ ਸਿੰਘ ਬੰਨੂਆਣਾ ਨੇ ਪ੍ਰੋ: ਪਿਆਰਾ ਸਿੰਘ ਭੋਗਲ ਨੂੰ ਇਸ ਗੋਸ਼ਟੀ ਦਾ ਆਰੰਭ ਕਰਨ ਲਈ ਕਿਹਾ, ਜਿਨ੍ਹਾਂ ਨੇ ਬੜੇ ਥੋੜੇ ਸ਼ਬਦਾਂ ਵਿਚ ਬੜੀ ਡੂੰਘਾਈ ਤਕ ਇਸ ਸਮਸਿਆ ਨੂੰ ਸਾਹਮਣੇ ਲਿਆਂਦਾ। ਉਹਨਾਂ ਦਸਿਆ ਕਿ ਅਸੀਂ ਸਕੀਮਾਂ ਬਹੁਤ ਬਣਾਈਆਂ ਹਨ, ਪਰ ਉਹਨਾ ਨੂੰ ਸਿਰੇ ਨਹੀਂ ਚਾੜ੍ਹਿਆ ਪਰ ਹੁਣ ਇਸ ਤੇ ਵਿਚਾਰ ਚਰਚਾ ਦੀ ਲੋੜ ਨਹੀਂ ਸਗੋਂ ਕੰਮ ਕਰਨ ਵਾਲੇ ਵਿਅਕਤੀਆਂ ਦੀ ਲੋੜ ਹੈ, ਜੋ ਕਿ ਜਲੰਧਰ ਵਰਗੀ ਇਸ ਪਖੋਂ ਬੰਜਰ ਜ਼ਮੀਨ ਵਿਚ ਸਭਿਆਚਾਰਕ ਅਮੀਰੀ ਲਿਆ ਸਕਣ। ਮੁਖ ਅਮਲੀ ਮੁਸ਼ਕਲ ਦਾ ਜ਼ਿਕਰ ਕਰਦਿਆਂ ਉਹਨਾਂ ਦਸਿਆ ਕਿ ਜਦ ਤਕ ਚੰਡੀਗੜ੍ਹ ਵਾਂਗ ਇਥੇ ਡਰਾਮਿਆਂ ਲਈ ਰੰਗ ਮੰਚ ਨਹੀਂ ਬਣਦਾ, ਉਦੋਂ ਤਕ ਇਹ ਮਸਲਾ ਹਲ ਹੋਣਾ ਔਖਾ ਹੈ। ਉਹਨਾਂ ਸਭਾ ਨੂੰ ਪ੍ਰੇਰਿਆ ਕਿ ਉਹ ਸਹਿਗਲ ਮੈਮੋਰੀਅਲ ਸੁਸਾਇਟੀ ਨੂੰ ਇਸ ਸਬੰਧ ਵਿਚ ਮਿਲਕੇ ਮਦਦ ਲੈ ਸਕਦੇ ਹਨ।

ਸ੍ਰੀਮਤੀ ਰਾਜ ਬੇਦੀ ਨੇ ਆਪਣੇ ਰੇਡੀਓ ਨਾਟਕਾਂ ਦੇ ਕਿੱਸੇ ਨੂੰ ਲੈ ਕੇ ਰੰਗ ਮੰਚ ਨੂੰ ਪ੍ਰੀਖਿਆ ਤੇ ਸਟੇਜ ਤੋਂ ਬਿਨਾਂ ਵਿਹੜੇ ਵਿਚ ਹੀ ਡਰਾਮਾ ਖੇਡਿਆ ਜਾ ਸਕਦਾ ਹੈ ਦੀ ਗਲ ਕੀਤੀ। ਉਹਨਾਂ ਸ਼ਾਇਦ ਰੇਡੀਓ ਤੇ ਸਟੇਜ ਦੀ ਤਕਨੀਕ ਨੂੰ ਨਹੀਂ ਵੇਖਿਆ ਤੇ ਕੇਵਲ ਆਪਣੇ ਸਕੂਲੀ ਤਜਰਬੇ ਦੀ ਹੀ ਗਲ ਕੀਤੀ।

ਗਿ: ਰਜਿੰਦਰ ਸਿੰਘ ਬਲ ਨੇ ਦੱਸਿਆ ਕਿ ਪੰਜਾਬ ਤਾਂ ਹਮਲੇ ਹੀ ਬਰਦਾਸ਼ਤ ਕਰਦਾ ਰਿਹਾ ਹੈ ਤੇ ਵੀਰਾਂ ਦੀ ਸੂਰਬੀਰਤਾ ਦੀਆਂ ਵਾਰਾਂ ਹੀ ਲਿਖਦਾ ਰਿਹਾ ਹੈ, ਇਸ ਨੂੰ ਸਟੇਜ ਦੀ ਸੂਰਤ ਕਰਨ ਦਾ ਮੌਕਾ ਹੀ ਨਹੀਂ ਮਿਲਿਆ, ਪਰ ਹੁਣ ਸਾਨੂੰ ਸਟੇਜ ਬਨਾਉਣ ਤੋਂ ਪਹਿਲਾਂ ਕੋਈ 1-2 ਨਾਟਕ ਖੇਡ ਕੇ ਲੋਕਾਂ ਦਾ ਇਸ ਪਾਸੇ ਉਤਸ਼ਾਹ ਵਧਾ ਲੈਣਾ ਚਾਹੀਦਾ ਹੈ।

ਇਸ ਸਮਸਿਆ ਤੇ ਵਿਚਾਰ ਕਰਨ ਲਈ ਬਹੁਤੇ ਤਾਂ ਸਿਰਫ 'ਅਸੀਂ ਸਹਿਯੋਗ ਦੇਣ ਨੂੰ ਤਿਆਰ ਹਾਂ' ਕਹਿਣ ਲਈ ਹੀ ਪਧਾਰੇ ਸਨ, ਪਰ ਕੁਝ ਇਕ ਇਸ ਮਸਲੇ ਤੇ ਘਰੋਂ ਹੀ ਕਾਫੀ ਕੁਝ ਸੋਚ ਕੇ ਆਏ ਤੇ ਇਹਨਾਂ ਵਿਚੋਂ ਇਕ ਪ੍ਰੋ: ਸੁਰੇਸ਼ ਸੇਠ ਸਨ। ਇਹਨਾਂ ਇਸ ਗਲ ਤੇ ਵੀ ਵਿਚਾਰ ਕੀਤੀ ਕਿ ਅਸੀਂ ਡਰਾਮੇ ਨੂੰ ਕਿਸ ਹਦ ਤਕ ਸੀਮਤ ਰਖਣਾ ਚਾਹੁੰਦੇ ਹਾਂ। ਉਹਨਾਂ ਡਰਾਮਿਆਂ ਨੂੰ ਆਰਟ ਆਡੀਟੋਰੀਅਮ ਤੋਂ ਵੀ ਆਜ਼ਾਦ ਰਖਣ ਲਈ ਕਿਹਾ, ਕਿਉਂਕਿ ਇਸ ਨਾਲ ਇਕ ਨਵਾਂ ਪੱਖ ਉਭਰਦਾ ਹੈ, ਪਹਿਲਾਂ ਭਾਵੇਂ ਡਰਾਮਾ ਬੁਰਜੂਆ ਸ਼੍ਰੇਣੀ ਤਕ ਹੀ ਸੀਮਤ ਸੀ, ਪਰ ਹੁਣ ਇਹ ਗਰੀਬਾਂ ਦਾ ਥੀਏਟਰ ਬਣ ਚੁਕਾ ਹੈ। ਰੇਡੀਓ ਨਾਟਕ ਦੀ ਕਲਾ ਨੂੰ ਸਟੇਜ ਤੇ ਉਹਨਾਂ ਨੇ ਵਰਤਣ ਨੂੰ ਘਾਟੇ ਵਾਲਾ ਸੌਦਾ ਕਿਹਾ।

ਸ੍ਰੀਮਤੀ ਉਰਮਿਲਾ ਆਨੰਦ ਨੇ ਵੀ ਦਸਿਆ ਕਿ ਹੁਣ ਲੋਕ ਇਹਨਾਂ ਫਿਲਮਾਂ ਦੀ ਪਧਰ ਨੂੰ ਚੰਗੀ ਤਰ੍ਹਾਂ ਪਛਾਣ ਚੁਕੇ ਹਨ, ਤੇ ਆਪਣਾ ਸੁਆਦ ਬਦਲਣਾ ਚਾਹੁੰਦੇ ਹਨ, ਇਸ ਲਈ ਨਾਟਕ ਚੰਗਾ ਹੋਣਾ ਚਾਹੀਦਾ ਹੈ, ਉਸ ਲਈ ਥਾਂ ਕੋਈ ਵੀ ਹੋਵੇ। ਬਰਜਿੰਦਰ ਹਮਦਰਦ ਨੇ ਦਸਿਆ ਕਿ ਕਿਸੇ ਇਲਾਕੇ ਦੀ ਸਭਿਆਚਾਰਕ ਅਮੀਰੀ ਦਾ ਪਤਾ ਉਸ ਦੇ ਨਾਟਕਾਂ ਤੋਂ ਹੀ ਲਗਦਾ ਹੈ। ਭਾਵੇਂ ਸਾਡਾ ਇਹ ਸੁਪਨਾ ਇਕ ਦਮ ਪੂਰਾ ਨਹੀਂ ਹੋਣਾ, ਪਰ ਫਿਰ ਵੀ ਸਾਨੂੰ ਕੋਸ਼ਿਸ਼ ਜ਼ਰੂਰ ਆਰੰਭਣੀ ਚਾਹੀਦੀ ਹੈ।

ਸ: ਜੋਧ ਸਿੰਘ, ਰਾਜੇਸ਼ਵਰੀ ਕਲਾ ਸੰਗਮ ਨੇ ਸੁਰੇਸ਼ ਸੇਠ ਦੇ ਵਿਚਾਰਾਂ ਨੂੰ ਸਲਾਹੁੰਦਿਆਂ ਦਸਿਆ ਕਿ ਉਹਨਾਂ ਨੇ ਰੂੰ ਦੀ ਪੂਣੀ ਫੜ ਕੇ ਤੰਦ ਖਿਚਕੇ, ਨਾਟਕ ਦਾ ਪੂਰਾ ਇਕ ਨਕਸ਼ਾ ਹੀ ਖਿਚ ਦਿਤਾ ਹੈ। ਉਹਨਾਂ ਇਸ ਦਾ ਵਿੰਗ ਬਣਾ ਲੈਣ ਤੇ ਜ਼ੋਰ ਦਿਤਾ, ਤਾਂ ਜੋ ਉਸ ਵਿੰਗ ਨੂੰ ਇਸ ਦੀਆਂ ਸਾਰੀਆਂ ਜ਼ੁੰਮੇਵਾਰੀਆਂ ਸੌਂਪੀਆਂ ਜਾ ਸਕਣ।

ਸ: ਈਸ਼ਰ ਸਿੰਘ ਅਟਾਰੀ ਨੇ ਪੰਜਾਬੀ ਡਰਾਮੇ ਵੇਖਣ ਵਾਲੇ ਦਰਸ਼ਕਾਂ ਦੀ ਘਾਟ ਦਸੀ, ਤੇ ਕਿਹਾ ਕਿ ਬਹੁਤ ਘਟ ਅਜੇਹੇ ਡਰਾਮੇ ਖੇਡੇ ਜਾਂਦੇ ਹਨ ਜੋ ਕਿ ਆਮ ਜਨਤਾ ਲਈ ਹੋਣ। ਸਭ ਤੋਂ ਵਧ ਜ਼ੋਰ ਉਹਨਾਂ ਪ੍ਰੋਫੈਸ਼ਨਲ ਥੀਏਟਰ ਤੇ ਦਿਤਾ। ਸ: ਸਾਧੂ ਸਿੰਘ ਹਮਦਰਦ ਨੇ ਇਹਨਾਂ ਵਿਚਾਰਾਂ ਦੀ ਤਾਈਦ ਕੀਤੀ ਤੇ ਰੰਗਮੰਚ ਵਾਸਤੇ ਪੇਸ਼ਾਵਰ ਕਲਾਕਾਰ ਤਿਆਰ ਕਰਨ ਤੇ ਜ਼ੋਰ ਦਿਤਾ। ਹਮਦਰਦ ਸਾਹਿਬ ਨੇ ਕਿਹਾ ਕਿ ਮੀਟਿੰਗਾਂ ਬਹੁਤ ਅਜੇਹੀਆਂ ਦੇਖੀਆਂ ਹਨ, ਇਸ ਲਈ ਉਹਨਾਂ ਨੇ ਇਸ ਪ੍ਰੋਗਰਾਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ, ਪਹਿਲਾਂ ਦੇ ਸ਼ੁਰੂ ਕੀਤੇ ਪ੍ਰੋਗਰਾਮਾਂ ਨੂੰ ਨੇਪਰੇ ਚਾੜ੍ਹਨ ਤੇ ਜ਼ੋਰ ਦਿੱਤਾ।

ਸਭਾ ਦੇ ਜਨਰਲ ਸੱਕਤਰ ਸ: ਗੁਰਬਖ਼ਸ਼ ਸਿੰਘ ਬੰਨੂਆਣਾ ਨੇ ਕਿਹਾ ਕਿ ਅਸੀਂ ਸਾਰੇ ਸਾਥਨਕ ਕਲਾਕਾਰਾਂ ਨੂੰ ਇਕ ਲੜੀ 'ਚ ਪਰੋਣਾ ਹੈ, ਜਲੰਧਰ ਵਿਚ ਮੌਜੂਦ ਪ੍ਰਤਿਭਾ ਨੂੰ ਲਭਣਾ ਢੂੰਡਣਾ ਤੇ ਵਿਕਸਤ ਕਰਨਾ ਹੈ ਅਤੇ ਸ਼ੌਕੀਆਂ ਕਲਾਕਾਰਾਂ ਦੀ ਸਰਗਰਮੀ ਤੋਂ ਲੈ ਕੇ ਹੁਨਰ ਮੰਦ ਤੇ ਉਚ ਕੋਟੀ ਦੇ ਰੰਗ ਮੰਚ ਦਾ ਪਰੋਗਰਾਮ ਅਮਲ 'ਚ ਲਿਆਣਾ ਹੈ। ਅਸੀਂ ਆਪਣੇ ਘਰਾਂ ਵਿਚੋਂ ਅਭਿਨੇਤਾ ਅਭਿਨੇਤਰੀਆਂ ਕਢਣੇ ਹਨ ਤੇ ਇਹਨਾਂ ਸਭਨਾਂ ਲਈ ਸਤਿਕਾਰ ਦੀ ਭਾਵਨਾ ਫੈਲਾਉਣੀ ਹੈ। ਅਸੀਂ ਬਣਿਆ ਬਣਾਇਆ ਕੋਈ ਰੰਗਮੰਚ ਨਹੀਂ ਲੈਣਾ ਸਗੋਂ ਉਸਾਰਨਾ ਹੈ। ਕਿਉਂਕਿ ਸ਼ੁਰੂ ਵਿਚ ਹੀ ਕੋਈ ਸਕੀਮ ਕਾਮਯਾਬ ਨਹੀਂ ਹੋ ਜਾਂਦੀ, ਇਸ ਲਈ ਪ੍ਰੋਫੈਸ਼ਨਲ ਥੀਏਟਰ ਤਾਂ ਬਾਅਦ ਵਿਚ ਸੋਚਣ ਵਾਲੀ ਗਲ ਹੈ।

ਜਸਵੰਤ ਸਿੰਘ ਵਿਰਦੀ ਨੇ ਲੋਕਲ ਕਾਲਜਾਂ ਦੀ ਟੇਲੈਂਟ ਨੂੰ ਇਸ ਨਾਲ ਸਬੰਧਤ ਕਰਨ ਤੇ ਜ਼ੋਰ ਦਿਤਾ ਤੇ ਹੋਰ ਵੀ ਨੌਜਵਾਨਾਂ ਨੂੰ ਇਸ ਲਈ ਅਗੇ ਆਉਣ ਲਈ ਕਿਹਾ। ਜਗੀਰ ਕਾਹਲੋਂ ਨੇ ਕਿਹਾ ਕਿ ਹਰ ਇਕ ਨੂੰ ਆਪਣੀ ਆਪਣੀ ਜ਼ਮੇਵਾਰੀ ਸਮਝਣੀ ਚਾਹੀਦੀ ਹੈ। ਪ੍ਰੋ: ਬਲਬੀਰ ਸਿੰਘ ਨੇ ਵੀ ਭੋਗਲ ਸਾਹਿਬ ਵਾਲੇ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ ਤੇ ਜੁਗਿੰਦਰ ਸਿੰਘ ਸੇਖੋਂ ਨੇ ਚੰਗੇ ਕਲਾਕਾਰਾਂ ਦੀ ਭਾਲ ਲਈ ਇਕ ਰਨਿੰਗ ਸ਼ੀਲਡ ਰਖਣ ਲਈ ਕਿਹਾ।

ਸਭਾ ਦੇ ਪ੍ਰਧਾਨ ਡਾ: ਰੋਸ਼ਨ ਲਾਲ ਆਹੂਜਾ ਨੇ ਅਖੀਰ ਤੇ ਸ੍ਰੀ ਗੁਰਬਖ਼ਸ਼ ਸਿੰਘ ਬੰਨੂਆਣਾ ਨੂੰ ਕਨਵੀਨਰ ਥਾਪ ਕੇ ਜਲਦੀ ਹੀ ਇਕ ਮੀਟਿੰਗ ਕਰਨ ਨੂੰ ਕਿਹਾ ਜਿਸ ਵਿਚ ਡੈਪੂਟੇਸ਼ਨ ਬਣਾ ਕੇ ਉਹਨਾਂ ਲੋਕਾਂ ਨੂੰ ਮਿਲਣ ਤੇ ਜ਼ੋਰ ਦਿਤਾ ਜੋ ਸਟੇਜ ਬਨਾਉਣ ਜਾਂ ਹੋਰ ਕੋਈ ਮਦਦ ਦੇ ਸਕਦੇ ਹੋਣ। ਉਹਨਾਂ ਇਸ ਗਲ ਤੇ ਜ਼ੋਰ ਦਿਤਾ ਕਿ ਜੇ ਅਸੀਂ ਇਹ ਕੰਮ ਸ਼ੁਰੂ ਕਰ ਲਿਆ ਹੈ ਤਾਂ ਨੇਪਰੇ ਵੀ ਚਾੜ੍ਹ ਲਵਾਂਗੇ, ਪਰ ਵਿਅਕਤੀ ਸਾਨੂੰ ਬੰਨੂਆਣਾ ਵਰਗੇ ਚਾਹੀਦੇ ਹਨ ਜਿਹੜੇ ਲਗਾਈ ਗਈ ਡਿਊਟੀ ਨੂੰ ਆਪਣੇ ਨਿਜੀ ਕੰਮ ਨਾਲੋਂ ਵਧ ਮਹਤਵ ਦੇਂਦੇ ਹਨ।

ਇਸ ਤਰ੍ਹਾਂ ਇਹ ਗੋਸ਼ਟੀ ਸਿਰਫ ਵਿਚਾਰਾਂ ਵਿਚ ਹੀ ਨਾ ਰਹਿ ਕੇ ਅਮਲੀ ਰੂਪ ਵਿਚ ਨੇਪੜੇ ਚੜਦੀ ਜਾਪਦੀ ਹੈ ਅਤੇ ਸਾਨੂੰ ਉਮੀਦ ਰਖਣੀ ਚਾਹੀਦੀ ਹੈ ਕਿ ਜਲਦੀ ਹੀ ਆਪਣੇ ਬੰਜਰ ਸ਼ਹਿਰ ਵਿਚ ਸਭਿਆਚਾਰਕ ਅਮੀਰੀ ਲਿਅਉਣ ਵਿਚ ਕਾਮਯਾਬ ਹੋਵਾਂਗੇ।

———

ਤੁਹਾਡਾ ਪੰਨਾ

ਪਿਆਰੇ ਜਗਦੀਸ਼

ਪਰਚਾ ਲਗਾਤਾਰ ਮਿਲ ਰਿਹਾ ਹੈ। ਇਸ ਉਪਕਾਰ ਦਾ ਧਨਵਾਦੀ ਹਾਂ। ਪੜ੍ਹਦਾ ਹਾਂ, ਦਿਲ ਵਿਚ ਇਸ ਦਾ ਮਾਨ ਰਖਣ ਲਗ ਪਿਆ ਹਾਂ। ਪੱਧਰ ਉਚੀ ਹੋ ਰਹੀ ਹੈ, ਪਰ ਮਹਿੰਦਰ ਸਿੰਘ ਦੁਸਾਂਝ ਵਰਗੀਆਂ ਕਲਪਤ ਕਹਾਣੀਆਂ ਸੋਭਾ ਨਹੀਂ ਦਿੰਦਿਆਂ। ਇਹ ਸਮਾਂ ਬਿਤਾ ਗਈਆਂ ਹਨ ਤੇ ਨਿਰਾ ਪ੍ਰਾਪੇਗੰਡਾ ਜਾਪਦੀਆਂ ਹਨ।

ਪਹਿਲਾ ਤਾਂ ਮੈਂ ਉਸਦੀ ਕਵਿਤਾ ਹੀ ਪੜ੍ਹਦਾ ਰਿਹਾ ਹਾਂ, ਕਹਾਣੀ ਵੇਖਕੇ ਬੜੀ ਖੁਸ਼ੀ ਹੋਈ, ਕਿ ਨਵੇਂ ਖੇਤਰ ਵਿਚ ਪੈਰ ਰਖਿਆ ਹੈ। ਪਰ ਪੜ੍ਹਕੇ ਬੜੀ ਨਿਰਾਸ਼ਾ ਹੋਈ। ਕਹਾਣੀ ਕਵਿਤਾ ਵਾਂਗ ਆਦਰਸ਼ਕ ਸੰਕਲਪਤਾ ਵਿਚ ਗੁੜ੍ਹਚੀ ਹੋਈ ਸੀ ਤੇ ਕਿਸੇ ਪਿਛਲੇ ਸਮੇਂ ਦੀਆਂ ਗੱਲਾਂ ਦਸਦੀ ਸੀ। ਬਾਕੀ ਪਰਚੇ ਦਾ ਮੈਟਰ ਬੜਾ ਵਧੀਆ ਤੇ ਪਰਸੰਸਾ ਯੋਗ ਹੈ।

ਦੁਆਵਾਂ ਨਾਲ

ਤੁਹਾਡਾ ਬੁਢਾ ਹਾਣੀ

ਅੰਮ੍ਰਿਤਸਰ — ਗੁਰਚਰਨ ਸਿੰਘ ਸਹਿੰਸਰਾ

—0—

ਪਿਆਰੇ ਜਗਦੀਸ਼ ਜੀਓ,

ਸੱਤ ਸ੍ਰੀ ਅਕਾਲ, "ਵਰਿਆਮ" ਵਿਚ ਛਪੀ ਗ਼ਜ਼ਲ ਪੜ੍ਹੀ ਸ਼ੁਕਰੀਆ ਮੇਰੇ ਨਾਂਅ ਨਾਲੋਂ ਕਿਸੇ ਤਰ੍ਹਾਂ "ਮਾਸਟਰ" ਸ਼ਬਦ ਲਾਹ ਦਿਓ। ਇਕ ਵੇਰਾਂ ਫੇਰ ਅਗਾਊਂ ਸ਼ੁਕਰੀਆ ਕਿਉਂਕਿ ਮੈਂ ਬਾਕੀ ਦੀ ਜ਼ਿੰਦਗੀ ਸਿਰਫ ਅਮਰੀਕ ਸਿੰਘ ਬਣ ਕੇ ਗੁਜ਼ਾਰਨਾਂ ਚਾਹੁੰਦਾ ਹਾਂ।

ਵਰਿਆਮ ਵਿਚ ਛਪਿਆ ਮੈਟਰ ਕਾਫੀ ਉਚੇ ਸਟੈਂਡਰਡ ਦਾ ਹੁੰਦਾ ਹੈ ਮੇਰੇ ਵਰਗੇ ਨੂੰ ਉਸ ਵਿਚ ਥਾਂ ਦੇ ਕੇ ਵਾਕੇਈ ਫ਼ਰਾਖ ਦਿਲੀ ਵਰਤੀ ਏ। ਚਲ ਚੁਕੇ ਕਾਰਤੂਸਾਂ ਨੂੰ ਮੁੜ ਚਲਾ ਦੇਣਾ ਸਿਰਫ ਤੁਹਾਡਾ ਹੀ ਕੰਮ ਹੈ।

ਜ਼ਿੰਦਗੀ ਬਿਨਾਂ ਪਤਵਾਰ ਦੇ ਕਿਸ਼ਤੀ ਵਾਂਗ ਜ਼ਮਾਨੇ ਦੀਆਂ ਲਹਿਰਾਂ ਤੇ ਹਾਲੇ ਹਚਕੋਲੇ ਖਾ ਰਹੀ ਏ। ਪਤਾ ਨਹੀਂ ਕਿਸ ਮਿਟੀ ਦੀ ਬਣੀ ਏ। ਨਾ ਡੁਬਦੀ ਏ ਨਾ ਕਿਸੇ ਕੰਢੇ ਲਗਦੀ ਏ। ਮੇਰੀਆਂ ਰਚਨਾਵਾਂ ਵੀ ਕੁਝ ਏਸੇ ਅਧੋਗਤੀ ਦਾ ਹੀ ਵਰਨਣ ਹਨ।

ਅਮਗਸਰ — ਸਦਾ ਤੁਹਾਡੀ ਯਾਦ ਵਿਚ

ਅਮਰੀਕ ਸਿੰਘ

—0—

ਪਿਆਰੇ ਵੀਰ ਜਗਦੀਸ਼ ਜੀ,

ਫਤਿਹ।

ਹਰ ਮਹੀਨੇ ਵਰਿਆਮ ਪੜ੍ਹਦਾ ਹਾਂ ਤੇ ਕੁਝ ਨਾ ਕੁਝ ਨਵਾਂ ਸਾਹਿਤ ਜ਼ਰੂਰ ਮਿਲਦਾ ਹੈ ਜਿਸਦਾ ਜ਼ਿੰਦਗੀ ਨਾਲ ਸਿਧਾ ਤੇ ਡੂੰਘਾ ਸਬੰਧ ਹੁੰਦਾ ਹੈ। ਤੁਹਾਡਾ ਉਪਰਾਲਾ ਸ਼ਲਾਘਾ ਯੋਗ ਹੈ, ਹੋਰ ਮਿਹਨਤ ਮਾਰੋਗੇ ਹੋਰ ਫਲ ਮਿਲੇਗਾ ਜ਼ਰੂਰ ਮਿਲੇਗਾ।

ਤੁਹਾਡਾ ਹਿਤੂ

ਪੰਜਾਬ ਰਾਜ ਬਿਜਲੀ ਬੋਰਡ — ਸਰੂਪ ਸਿੰਘ ਅਲਗ
ਪਟਿਆਲਾ। — ਭਾਸ਼ਾ ਅਫਸਰ

—0—

ਪਿਆਰੇ ਜਗਦੀਸ਼ ਜੀ,

ਨਿੱਘੀ ਯਾਦ ਪੁਜੇ।

ਵਰਿਆਮ ਲਗਾਤਾਰ ਪੁਜ ਰਿਹਾ ਹੈ। ਇਸਤਰੀ ਅੰਕ ਲਈ ਪਾਇਆ ਵਰਿਆਮ ਦਾ ਹਿੱਸਾ ਸ਼ਲਾਘਾ ਯੋਗ ਹੈ।

ਸਮੁਚੇ ਤੌਰ ਤੇ ਵਰਿਆਮ ਠੀਕ ਸੇਧ ਵਿਚ ਅਗੇ ਵਧ ਰਿਹਾ ਹੈ।

ਤੁਹਾਡਾ ਆਪਣਾ

586 ਸਿਵਲ ਲਾਈਨ ਪ੍ਰੀਤਮ ਬਰਾੜ ਲੰਡੇ

ਮੋਗਾ।

—0—

ਪਿਆਰੇ ਜਗਦੀਸ਼ ਸਿੰਘ ਜੀ,

ਸ. ਸ. ਅ. ਖੁਸ਼ੀ ਹੈ ਕਿ ਤੁਸੀਂ ਮੈਨੂੰ ਵਰਿਆਮ ਦਾ ਪਰਚਾ ਭੇਜਦੇ ਰਹਿੰਦੇ ਹੋ। ਪਰਚਾ ਹਰ ਅੰਕ ਨਾਲ ਮੈਟਰ ਤੇ ਗੈੱਟਅਪ ਵਜੋਂ ਉੱਨਤੀ ਕਰ ਰਿਹਾ ਹੈ ਇਸ ਨੂੰ ਹੋਰ ਵੀ ਚੰਗਾ ਬਣਾਉ। ਜਦੋਂ ਕੋਈ ਨਵੀਂ ਕਵਿਤਾ ਲਿਖੀ ਆਪ ਜੀ ਨੂੰ ਭੇਜਾਂਗਾ।

ਹਿਤੂ

ਨਾਭਾ ਸੁਰਜੀਤ ਰਾਮਪੁਰੀ

—o—

ਮਾਨ ਯੋਗ ਸੰਪਾਦਕ 'ਵਰਿਆਮ' ਜੀ

ਸਤਿ ਸ੍ਰੀ ਅਕਾਲ ਪ੍ਰਵਾਨ ਕਰਨਾ।

ਪੰਜਾਬੀ ਪਰਚਿਆਂ 'ਚ ਵਰਿਆਮ ਰਾਹੀਂ ਨਵੀਆਂ ਪੈੜਾਂ ਪਾਉਣ ਕਰਕੇ ਵਧਾਈ! ਆਸ ਬੱਝੀ ਹੈ ਕਿ ਜੇਕਰ ਇਹੋ ਜਿਹੇ ਪਰਚੇ ਆਪਣੀ ਸੇਧੇ ਤੁਰੇ ਰਹੇ ਤਾਂ ਪੰਜਾਬੀ ਭਾਸ਼ਾ ਦਾ ਵਿਕਸਤ ਭਾਸ਼ਾਵਾਂ ਦੀ ਮੋਹਰਲੀ ਕਤਾਰ ਵਿਚ ਜਾ ਖੜਨਾ ਅਤਿ ਕਥਨੀ ਵਾਲੀ ਗਲ ਨਹੀਂ ਹੋਵੇਗੀ। ਆਸ ਹੈ ਤੁਸੀਂ ਇਸ ਨੂੰ ਇਸ ਦੀ ਸਤਾਅ ਤੋਂ ਡਿਗਣ ਨਹੀਂ ਦੇਵੋਗੇ। ਜੇ ਮਹਿਸੂਸ ਨਾ ਕਰੋ ਤਾਂ ਇਕ ਗਲ ਜ਼ਰਾ ਰੜਕਦੀ ਹੈ। 'ਵਰਿਆਮ' ਦੀ ਸੰਪਾਦਕੀ ਵਿਚ ਸ਼ੈਲੀ ਵਜ਼ਨਦਾਰ ਨਹੀਂ ਹੁੰਦੀ (ਵਜ਼ਨ ਤੋਂ ਮੇਰਾ ਮਤਲਬ 'ਕੀਮਤ' ਨਹੀਂ) ਰੱਬ ਕਰੇ 'ਵਰਿਆਮ' ਪੰਜਾਬੀ ਦਾ ਸ਼ਾਹ ਵਰਿਆਮ ਹੋ ਨਿਬੜੇ।

ਰਣਜੀਤ ਮਾਧੋਪੁਰੀ

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ,
ਪਟਿਆਲਾ।

—o—

ਪਿਆਰੇ ਮਿੱਤਰ ਜਗਦੀਸ਼ ਜੀ,

ਯਾਦਾਂ, ਗਲਵਕੜੀਆਂ।

'ਵਰਿਆਮ' ਦੇ ਅਕਤੂਬਰ ਅੰਕ ਵਿਚ ਅਵਤਾਰ ਜੌੜਾ ਦਾ ਲੇਖ ਬੜਾ ਪਸੰਦ ਆਇਆ ਭਾਵੇਂ ਉਹ ਇਕ ਨੀਮ ਕਵਿਤਰੀ ਦਾ 'ਇਮੇਜ' ਵਧੇਰੇ ਹੀ ਉਘਾੜਦਾ ਹੋਇਆ ਪਰਤੀਤ ਹੋਇਆ ਹੈ।

ਕਵਿਤਾ ਭਵਨ, ਹਮਦਰਦਵੀਰ ਨੌਸ਼ਹਿਰਵੀ

ਸਮਰਾਲਾ।

—o—

ਵਧਾਈ! ਵਧਾਈ!! ਵਧਾਈ!!!

ਨਾਮਧਾਰੀ ਪੰਥ ਦੇ ਦਾਨੀ-ਵੀਰ ਸੇਠ ਤਰਲੋਕ ਸਿੰਘ ਜੀ ਵਰਿਆਮ ਨੂੰ ਪੜ ਬੜੀ ਪ੍ਰਸੰਨਤਾ ਪ੍ਰਗਟ ਕਰਦਿਆਂ ਕਹਿਆ ਕਿ ਵਰਿਆਮ ਨੇ ਜਿਹੜੀ ਸਾਹਿਤ ਸੇਵਾ ਕੀਤੀ ਹੈ ਉਹ ਪ੍ਰਸੰਸਾ-ਜਨਕ ਹੈ। ਇਸ ਦੇ ਲੇਖ, ਕਹਾਣੀਆਂ, ਕਵਿਤਾਵਾਂ ਆਦਿ ਉਤਸ਼ਾਹਜਨਕ ਹਨ। ਵਰਿਆਮ ਨੂੰ ਸਤਿ ਜੁਗੀ ਸੁਗੰਧੀ ਪਾਠਕਾਂ ਦੇ ਹਿਰਦੇ-ਵਿਹੜਿਆਂ ਵਿਚ ਖਿਲਾਰ ਉਨ੍ਹਾਂ ਦੇ ਮਨਾਂ ਨੂੰ ਮੌਲਣਾ ਲੋੜੀਂਦਾ ਹੈ। ਸੇਠ ਜੀ 'ਵਰਿਆਮ' ਨੂੰ ਦੂਸਰੇ ਵਰ੍ਹੇ ਵਿਚ ਪੈਰ ਰਖਣ ਦੀ ਖੁਸ਼ੀ ਵਿਚ ਬਹੁਤ ਬਹੁਤ ਵਧਾਈ ਦੇਂਦੇ ਹਨ।

ਨਵੀਂ ਦਿਲੀ (ਮਾਸਟਰ) ਨਿਹਾਲ ਸਿੰਘ

'ਵਰਿਆਮ' ਦੂਜੇ ਵਰ੍ਹੇ ਵਿਚ

'ਵਰਿਆਮ' ਨੇ ਇਸ ਅੰਕ ਨਾਲ ਆਪਣੇ ਦੂਸਰੇ ਵਰ੍ਹੇ ਵਿਚ ਪੈਰ ਧਰਿਆ ਹੈ। ਪਿਛਲੇ ਸਾਲ ਹੀ ਅਸੀਂ ਪੰਜਾਬੀ ਪਤਰਕਾਰੀ ਵਿਚ ਆਪਣੇ ਨਿਰਮਾਣ ਜਿਹੇ ਜਤਨ ਦੁਆਰਾ ਖਾਮੋਸ਼ ਪ੍ਰਵੇਸ਼ ਕੀਤਾ ਸੀ। ਅਤੇ ਕਰੜੇ ਸੰਘਰਸ਼ ਰਾਹੀਂ ਇਸ ਨੂੰ ਆਪਣੇ ਪੈਰਾਂ ਤੇ ਖੜਿਆਂ ਕਰਨ ਦੇ ਜਤਨ ਕੀਤੇ ਹਨ। ਅਜ ਦੇ ਜ਼ਮਾਨੇ ਵਿਚ ਜਦੋਂ ਪੰਜਾਬੀ ਵਿਚ ਰੋਜ਼ ਨਵੇਂ ਪਰਚੇ ਜਨਮਦੇ ਹਨ ਅਤੇ ਰੋਜ਼ ਹੀ ਬੰਦ ਹੁੰਦੇ ਹਨ ਵਰਿਆਮ ਦਾ ਪੂਰਾ ਇਕ ਸਾਲ ਬੇਖਟਕੇ ਚਲਦੇ ਰਹਿਣਾ ਬਹੁਤ ਉਤਸ਼ਾਹ ਵਾਲੀ ਗਲ ਹੈ। ਇਸ ਦੇ ਰਾਹ ਵਿਚ ਕਈ ਪ੍ਰਕਾਰ ਦੀਆਂ ਅਣਸੋਚੀਆਂ,ਅਣਕਿਆਸੀਆਂ ਔਕੜਾਂ ਆਈਆਂ, ਕਈ ਪ੍ਰਕਾਰ ਦੇ ਸੰਕਟ ਆਏ ਪਰ ਇਸ ਸਾਰੀਆਂ ਤਕਲੀਫਾਂ ਵਿਚੋਂ 'ਵਰਿਆਮ' ਨਵਾਂ ਜੀਵਨ ਲੈ ਕੇ ਨਵੇਂ ਸਾਲ ਵਿਚ ਪਰਵੇਸ਼ ਕਰ ਰਿਹਾ ਹੈ।

ਬੀਤੇ ਸਾਲ ਸਾਨੂੰ ਲੇਖਕਾਂ ਅਤੇ ਪਾਠਕਾਂ ਨੇ ਬਹੁਤ ਸਹਿਯੋਗ ਦਿਤਾ ਹੈ। ਸਾਡੇ ਪਿਆਰਿਆਂ ਸਨੇਹੀਆਂ ਅਤੇ ਸ਼ੁਭ ਚਿੰਤਕਾਂ ਦੀਆਂ ਸਭ ਕਾਮਨਾਵਾਂ ਅਤੇ ਮਦਦ ਇਸ ਨੂੰ ਚਾਲੂ ਰਖਣ ਵਿਚ ਸਦਾ ਸਹਾਈ ਰਹੀਆਂ ਹਨ।

ਇਹ ਗਲ ਕੋਈ ਲੁਕੀ ਛਿਪੀ ਨਹੀਂ ਕਿ ਕਿਸੇ ਵੀ ਪਰਚੇ ਦੇ ਪਰਬੰਧਕਾਂ, ਪਾਠਕਾਂ ਅਤੇ ਲੇਖਕਾਂ ਦਾ ਮਿਲਵਾਂ ਜਤਨ ਵੀ ਸਫਲ ਨਹੀਂ ਹੋ ਸਕਦਾ ਜਿੰਨਾਂ ਚਿਰ ਉਸ ਪਰਚੇ ਨੂੰ ਕਾਰੋਬਾਰੀ ਫਰਮਾਂ ਵਲੋਂ ਇਸ਼ਤਿਹਾਰ ਨਾ ਮਿਲਣ। ਇਸ਼ਤਿਹਾਰ ਹੀ ਪਰਚੇ ਦੀ ਜਿੰਦ ਜਾਨ ਹੁੰਦੇ ਹਨ। ਕਈ ਵੱਡੇ ਵੱਡੇ ਪਰਚੇ ਵੀ ਇਸ਼ਤਿਹਾਰਾਂ ਦੇ ਭੋਖੜੇ ਖੁਣੋਂ ਜਾਨ ਦੇ ਬੈਠਦੇ ਹਨ। ਸਾਡੇ ਆਰਥਕ ਸੰਕਟ ਨੂੰ ਘੱਟ ਕਰਨ ਵਿਚ ਜਿਨ੍ਹਾਂ ਸਹਾਇਕਾਂ ਦੀਆਂ ਫਰਮਾਂ ਦੇ ਇਸ਼ਤਿਹਾਰਾਂ ਨੇ ਮਦਦ ਕੀਤੀ ਹੈ ਅਤੇ ਕੁਝ ਪਿਆਰਿਆਂ ਨੇ ਇਸ ਮੰਤਵ ਲਈ ਦੌੜ ਭਜ ਵੀ ਕੀਤੀ ਕਰਵਾਈ ਹੈ ਉਹਨਾਂ ਦੇ ਅਸੀਂ ਦਿਲੀ ਧਨਵਾਦੀ ਹਾਂ।

ਸ: ਸੇਵਾ ਸਿੰਘ ਜੀ ਤੰਬੂਆਂ ਵਾਲੇ ਨਵੀਂ ਦਿਲੀ ਆਪਣੇ ਸਾਰੇ ਪਰਿਵਾਰ, ਸ: ਮਨਮੋਹਨ ਸਿੰਘ ਅਤੇ ਸ: ਭੁਪਿੰਦਰ ਸਿੰਘ ਸਹਿਤ ਨੇ ਵਰਿਆਮ ਦੀ ਸਫ਼ਲਤਾ ਲਈ ਸਾਡੀ ਬਹੁਤ ਮਦਦ ਕੀਤੀ ਹੈ ਅਤੇ ਉਹ ਇਸ ਨੂੰ ਸਦਾ ਹੀ ਚੜ੍ਹਦੀਆਂ ਕਲਾ ਵਿਚ ਵੇਖਣ ਦੇ ਚਾਹਵਾਨ ਹਨ। ਸ: ਸੁਰਿੰਦਰ ਸਿੰਘ ਆਫ਼ ਅਸ਼ੋਕਾ ਬਿਸਕੁਟ, ਸ: ਜੁਗਿੰਦਰ ਸਿੰਘ ਜੇਸਨ ਇਲੈਕਟ੍ਰਿਕ ਵਰਕਸ ਨਵੀਂ ਦਿਲੀ, ਸ: ਲਛਮਣ ਸਿੰਘ ਹਾਬੀ ਇੰਡਸਟਰੀਜ਼ ਫਗਵਾੜਾ, ਸ: ਸਾਧਾ ਸਿੰਘ, ਕਰਤਾਰ ਸਿੰਘ ਫਰੀ ਇੰਡੀਆ ਗਨ ਫੈਕਟਰੀ ਜੰਮੂ, ਸ: ਕਿਰਪਾਲ ਸਿੰਘ ਜੀ ਡਾਲਟਨ ਗੰਜ, ਸ: ਮਹਿੰਦਰ ਸਿੰਘ ਨਵੀਂ ਦਿਲੀ, ਇਹਨਾਂ ਸਾਰਿਆਂ ਸਜਨਾਂ ਨੇ ਪਿਛਲੇ ਸਾਲ 'ਵਰਿਆਮ' ਨੂੰ ਬਹੁਤ ਸਹਿਯੋਗ ਦਿਤਾ ਹੈ ਅਤੇ ਆਸ ਹੈ ਅਗੋਂ ਵੀ ਇਹ ਆਪਣਾ ਭਰਪੂਰ ਸਹਿਯੋਗ ਦੇਣਗੇ। ਇਹਨਾਂ ਤੋਂ ਇਲਾਵਾ ਆਪਣੇ ਹੋਰ ਸਹਿਯੋਗੀਆਂ ਦੇ ਭਾਵੇਂ ਅਸੀਂ ਨਾਮ ਤਾਂ ਨਹੀਂ ਲਿਖ ਰਹੇ ਪਰ ਅਸੀਂ ਦਿਲੋਂ ਧਨਵਾਦੀ ਹਾਂ।

ਪਰਚੇ ਦਾ ਪਹਿਲਾ ਸਾਲ ਉਸ ਦਾ ਸੂਤਕ ਦਾ ਸਾਲ ਹੁੰਦਾ ਹੈ। 'ਵਰਿਆਮ' ਸੂਤਕ ਵਰ੍ਹੇ ਵਿਚੋਂ ਨਿਕਲ ਆਇਆ ਹੈ। ਨਵੇਂ ਸਾਲ ਵਾਸਤੇ ਜੋ ਪਾਠਕਾਂ ਅਤੇ ਗਾਹਕਾਂ ਦਾ ਹੁੰਗਾਰਾ ਆਇਆ ਹੈ ਉਹ ਬੜਾ ਪਰਸੰਸਾ ਯੋਗ ਅਤੇ ਤਸੱਲੀਬਖਸ਼ ਹੈ। ਇਸ ਨਵੇਂ ਹੁੰਗਾਰੇ ਦੀ ਬਿਨਾ ਤੇ ਅਸੀਂ ਕਹਿ ਸਕਦੇ ਹਾਂ ਕਿ ਵਰਿਆਮ ਅਗੇ ਨਾਲੋਂ ਵੀ ਚੰਗੇ ਰੂਪ ਵਿਚ ਤੁਹਾਡੇ ਸਾਹਮਣੇ ਆਵੇਗਾ। ਸਾਡਾ ਨਿਰੰਤਰ ਜਤਨ ਰਹੇਗਾ ਕਿ 'ਵਰਿਆਮ' ਬਹੁ ਪੱਖੀ ਗਿਆਨ ਦਾਤਾ ਬਣੇ ਅਤੇ ਪੰਜਾਬੀ ਸਾਹਿਤ ਤੇ ਸਭਿਆਚਾਰ ਦਾ ਸ਼ਿੰਗਾਰ ਬਣੇ।

--ਜਗਦੀਸ਼ ਸਿੰਘ

Registered : P/JL—76 MONTHLY WARIAM November 1976
Registered with the registrar of News Papers for India No. 26453/75

ਕੀ ਵਿਸ਼ਵ ਹਾਕੀ ਕੱਪ ਸਾਡੇ ਕੋਲ ਰਹੇਗਾ ?



'ਵਿਸ਼ਵ ਹਾਕੀ ਕੱਪ ਅਜੇ ਵੀ ਸਾਡਾ ਹੈ' :—ਇਹ ਗੱਲ ਜਦੋਂ ਸ: ਗੁਰਚਰਨ ਸਿੰਘ ਬੋਧੀ, ਚੀਫ ਕੋਚ, ਵਿਸ਼ਵ ਕੱਪ ਵਿਜੇਤਾ ਭਾਰਤੀ ਹਾਕੀ ਟੀਮ, ਨੂੰ ਕਹੀ ਗਈ ਤਾਂ ਉਹਨਾਂ ਤੁਰੰਤ ਉਤਰ ਦਿਤਾ 'ਵਿਸ਼ਵ ਕੱਪ ਤਾਂ ਸਾਡਾ ਹੀ ਰਹੇਗਾ'। (ਬੋਧੀ ਸਾਹਿਬ ਬਾਰੇ ਲੇਖ 'ਵਰਿਆਮ' ਦੇ ਇਸ ਅੰਕ ਦੇ ਸਫਾ 16 ਤੇ ਛਪਿਆ ਹੈ)। ਉਪਰੋਕਤ ਤਸਵੀਰ ਵਿਚ ਤੀਸਰਾ ਵਿਸ਼ਵ ਕੱਪ ਹਾਕੀ ਟੂਰਨਾਮੈਂਟ (ਕੁਆਲਾਲੰਪਰ) ਜਿਤਣ ਪਿਛੋਂ ਬੋਧੀ ਸਾਹਿਬ ਕੱਪ ਨੂੰ ਚੁੰਮ ਰਹੇ ਹਨ। ਉਹਨਾਂ ਪਿਛੇ ਸ: ਬਲਬੀਰ ਸਿੰਘ ਜੀ (ਡਾਇਰੈਕਟਰ ਸਪੋਰਟਸ ਮਹਿਕਮਾ ਪੰਜਾਬ), ਟੀਮ ਦੇ ਮੈਨੇਜਰ ਅਤੇ ਨਾਲ ਹੋਰ ਖਿਲਾੜੀ ਪ੍ਰਸੰਨ ਮੁਦਰਾ ਵਿਚ ਖੜੇ ਹਨ। ਪੂਰੇ 11 ਸਾਲਾਂ ਪਿਛੋਂ ਕਿਸੇ ਕੌਮਾਂਤਰੀ ਹਾਕੀ ਟੂਰਨਾਮੈਂਟ ਦੇ ਫਾਈਨਲ ਵਿਚ ਇਹ ਭਾਰਤ ਦੀ ਜਿਤ ਸੀ। ਮਾਂਟਰੀਅਲ ਵਿਚ ਭਾਰਤ ਦੀ ਹਾਰ ਪਿਛੋਂ ਅਤੇ ਹੁਣ ਲਾਹੌਰ ਵਿਚ ਨਾਕਾਮਯਾਬੀ ਪਿਛੋਂ ਫਿਰ ਸੁਆਲ ਸਾਹਮਣੇ ਖੜਾ ਹੈ ਕਿ 'ਕੀ ਵਿਸ਼ਵ ਹਾਕੀ ਕੱਪ ਸਾਡੇ ਕੋਲ ਰਹੇਗਾ ?'

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।